BEST DEAL TRAVEL INC.
SPECIAL FARE TO INDIA
LICENSE # BCCP 79578
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

Space Available for your Ad
ਪੰਜਾਬ ਗਾਰਡੀਅਨ ਨਾਲ
ਐਡ ਪਾਓ ਅਤੇ ਆਪਣਾ
ਬਿਜ਼ਨਸ ਵਧਾਓ

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria, Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Ottawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 31, Issue No. 25 Ending Date: Jun 21, 2024

CEYONE LIMO'S
BOOK YOUR RIDE TODAY!
www.ceyonelimos.com
1-253-802-6787
•WEDDING •SCHOOL PROMS •BIRTHDAY
•CITY TOURS •AIRPORT SERVICE
1-253-802-6787
NOW FIXED RATES FOR AIRPORT

# ਹਰਿਆਣਾ ’ਚ ਸਿੱਖ ਨੌਜਵਾਨ ਨੂੰ ‘ਖਾਲਿਸਤਾਨੀ’ ਕਹਿ ਕੇ ਕੁੱਟਿਆ

ਚੰਡੀਗੜ੍ਹ:-ਹਰਿਆਣਾ ਦੇ ਕੈਥਲ ’ਚ ਇੱਕ ਨੌਜਵਾਨ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ। ਇਨ੍ਹਾਂ ਹੀ ਨਹੀਂ ਕੁੱਟਮਾਰ ਤੋਂ ਪਹਿਲਾਂ ਵਿਅਕਤੀ ਨੂੰ ਖਾਲਿਸਤਾਨੀ ਵੀ ਕਿਹਾ ਗਿਆ। ਜਿਸ ਦਾ ਵਿਰੋਧ ਕਰਨ ’ਤੇ ਨੌਜਵਾਨ ਦੇ ਨਾਲ ਕੁੱਟਮਾਰ ਕੀਤੀ ਗਈ।ਚੇਤੇ ਰਹੇ ਕੰਗਣਾ ਰਣੌਤ, ਜਿਸਨੇ ਬਿਨਾਂ ਸੋਚੇ ਸਮਝੇ ਇੱਕ ਸਾਜਿਸ਼ ਤਹਿਤ ਜਜ਼ਬਾਤਾਂ ਦੀ ਘਟਨਾ ਨੂੰ ਅੱਤਵਾਦ ਦਾ ਨਾਮ ਦਿੱਤਾ ਜਾਂ ਫਿਰ ਉਹ ਨੈਸ਼ਨਲ ਮੀਡੀਆ ਜਿਸਨੇ ਸਿੱਖਾਂ ਦੇ ਖਿਲਾਫ ਮਾਹੌਲ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ।ਲੋਕ



ਪੁਛਦੇ ਹਨ ਅੱਜ ਜਥੇਦਾਰ ਦਾਦੂਵਾਲ ਕਿਥੇ ਹੈ? ਕੀ ਉਨ੍ਹਾਂ ਦਾ ਕੰਮ ਸਿੱਖ ਮਸਲਿਆਂ ਨੂੰ ਸੁਲਝਾਉਣ ਦਾ ਹੈ ਜਾਂ ਸਿਰਫ਼ ਬੀਜੇਪੀ ਲਈ ਪ੍ਰਚਾਰ ਕਰਨ ਦਾ। ਹਰਿਆਣਾ ਦੇ ਮੁੱਖ ਮੰਤਰੀ ਨੂੰ ਤੁਰੰਤ ਇਸ ਵਿੱਚ ਦਖਲ ਦੇ ਕੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਤੇ ਨਾਲ ਹੀ ਫਿਰਕੂ ਭਾਵਨਾ ਭੜਕਾਉਣ ਲਈ ਕੰਗਣਾ ਰਣੌਤ ਨੂੰ ਵੀ ਇਸ ਮੁਕਦਮੇ ਵਿੱਚ ਦੋਸ਼ੀ ਬਣਾਇਆ ਜਾਣਾ ਚਾਹੀਦਾ ਹੈ।

# ਭਾਈ ਨਿੱਝਰ ਦਾ ਪਹਿਲਾ ਸ਼ਹੀਦੀ ਸਮਾਗਮ ਅੰਮ੍ਰਿਤਸਰ ਵਿੱਚ 18 ਜੂਨ ਨੂੰ:ਦਲ ਖ਼ਾਲਸਾ



ਅੰਮ੍ਰਿਤਸਰ (ਚਰਨਜੀਤ ਸਿੰਘ) ਦਲ ਖ਼ਾਲਸਾ ਵੱਲੋਂ ਭਾਈ ਹਰਦੀਪ ਸਿੰਘ ਨਿੱਝਰ ਦੇ ਪਹਿਲੇ ਸ਼ਹੀਦੀ ਦਿਹਾੜੇ ਮੌਕੇ 18 ਜੂਨ ਨੂੰ ਇਤਿਹਾਸਿਕ ਗੁਰਦੁਆਰਾ ਸੰਤੋਖਸਰ ਸਾਹਿਬ, ਅੰਮ੍ਰਿਤਸਰ ਵਿਖੇ ਪੰਥਕ ਸਮਾਗਮ ਆਯੋਜਿਤ ਕੀਤਾ ਜਾਵੇਗਾ। ਚੇਤੇ ਰਹੇ ਕਿ 18 ਜੂਨ 2023 ਨੂੰ ਭਾਰਤੀ ਖੁਫੀਆ ਏਜੇਂਸੀ ਰਾਅ ਵੱਲੋਂ ਭਾਈ ਹਰਦੀਪ ਸਿੰਘ ਨਿੱਝਰ ਨੂੰ ਕੈਨੇਡਾ ਦੀ ਧਰਤੀ ਉੱਤੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਭਾਈ ਮੰਡ ਨੇ ਅੱਜ ਅਕਾਲ ਤਖ਼ਤ ਸਕੱਤਰੇਤ ਵਿੱਚ ਸਿੰਘ ਸਾਹਿਬ ਜਥੇਦਾਰ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਕੈਨੇਡਾ ਦੀਆਂ ਸੰਗਤਾਂ ਦੀਆਂ ਭਾਵਨਾਵਾਂ ਤੋਂ ਉਹਨਾਂ ਨੂੰ ਜਾਣੂੰ ਕਰਵਾਇਆ।ਦਲ ਖ਼ਾਲਸਾ ਨੇ ਜਥੇਦਾਰ ਸਾਹਿਬ ਨੂੰ 18 ਜੂਨ ਦੇ ਭਾਈ ਨਿੱਝਰ ਦੇ ਸ਼ਹੀਦੀ ਸਮਾਗਮ ਵਿੱਚ ਸ਼ਮੂਲੀਅਤ ਕਰਨ ਲਈ ਸੱਦਾ ਪੱਤਰ ਸੌਂਪਿਆ। ਏਸੇ ਤਰਾਂ ਹਰਜਿੰਦਰ ਸਿੰਘ ਧਾਮੀ ਪ੍ਰਧਾਨ, ਸ਼੍ਰੋਮਣੀ ਕਮੇਟੀ ਨੂੰ ਵੀ ਸੱਦਾ ਦਿੱਤਾ ਗਿਆ।ਦਲ ਖ਼ਾਲਸਾ ਨੇ ਪੰਥਕ ਜਥੇਬੰਦੀਆਂ ਅਤੇ ਸੰਸਥਾਵਾਂ ਅਤੇ ਸ਼ਖਸ਼ੀਅਤਾਂ ਨੂੰ ਭਾਈ ਨਿੱਝਰ ਦੇ ਸ਼ਹੀਦੀ ਸਮਾਗਮ ਵਿੱਚ ਸ਼ਾਮਿਲ ਹੋਣ ਦਾ ਖੁੱਲਾ ਸੱਦਾ ਦਿੱਤਾ ਜਾਂਦਾ ਹੈ।

# ਚੋਣ ਨਤੀਜਿਆਂ ਨੇ ਨੇਤਾਵਾਂ ਨੂੰ ਸ਼ੀਸ਼ਾ ਦਿਖਾ ਦਿੱਤਾ:ਆਰਐੱਸਐੱਸ

ਨਵੀਂ ਦਿੱਲੀ:ਰਾਸ਼ਟਰੀ ਸੋਇਮਸੇਵਕ ਸੰਘ ਦੇ ਰਸਾਲੇ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ ਦੇ ਨਤੀਜੇ ਲੋੜੋਂ ਵੱਧ ਭਰੋਸੇ ਵਾਲੇ ਵਰਕਰਾਂ ਅਤੇ ਭਾਜਪਾ ਦੇ ਕਈ ਨੇਤਾਵਾਂ ਨੂੰ ਸ਼ੀਸ਼ਾ ਦਿਖਾਉਣ ਵਾਲੇ ਹਨ। ਮੈਗਜ਼ੀਨ ਮੁਤਾਬਕ ਆਗੂ ਤੇ ਵਰਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗੁਣ-ਗਾਣ ਕਰਨ ਵਿਚ ਡੁੱਬੇ ਰਹੇ ਅਤੇ ਆਮ ਲੋਕਾਂ ਦੀ ਆਵਾਜ਼ ਨੂੰ ਅਣਗੌਲਿਆ ਕਰ ਦਿੱਤਾ। ‘ਆਰਗੇਨਾਈਜ਼ਰ’ ਮੈਗਜ਼ੀਨ ਦੇ ਤਾਜ਼ਾ ਅੰਕ ਵਿੱਚ ਛਪੇ ਲੇਖ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਵੇਂ ਆਰਐੱਸਐੱਸ ਭਾਜਪਾ ਦੀ ਜ਼ਮੀਨੀ ਤਾਕਤ ਭਾਵੇਂ ਨਾ ਹੋਵੇ ਪਰ ਪਾਰਟੀ ਆਗੂਆਂ ਤੇ ਵਰਕਰਾਂ ਨੇ ਚੋਣ ਵਿੱਚ ਸਹਿਯੋਗ ਲੈਣ ਲਈ ਸੋਇਮਸੇਵਕਾਂ ਨਾਲ ਸੰਪਰਕ ਵੀ ਨਹੀਂ ਕੀਤਾ।

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ
ਦੇ ਲਈ ਵਿਜ਼ਟਰ ਇਨਸ਼ੋਰੈਂਸ
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
Insurance
ਜਸਵੀਰ ਗਰੇਵਾਲ
778 317 6262
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ ’ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਓ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਓ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਓ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

RENO UNLIMITED
ਅਸੀਂ ਰੈਨੋਵੇਸ਼ਨ ਦਾ ਹਰ ਛੋਟਾ ਵੱਡਾ ਕੰਮ ਬਹੁਤ ਹੀ ਵਾਜਬ ਰੇਟ ਉਪਰ ਕਰਦੇ ਹਾਂ
ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ
ਹਰ ਛੋਟੀ ਵੱਡੀ ਜੌਬ ਲਈ ਸਾਨੂੰ ਇਕ ਵਾਰ ਫੋਨ ਜ਼ਰੂਰ ਕਰੋ
Free Estimate
Amit Sharma
604-613-7989
Email:ltdamit@gmail.com

We Moved To New Location
27441-FRASER HWY. ALDERGROVE, BC
Universal Auto Collision Ltd.
• ICBC Claims • Private Claims • Free Courtesy Cars • Auto Glass Replacement • Free Estimates
ਆਈ. ਸੀ. ਬੀ. ਕਲੇਮਜ਼ · ਪ੍ਰਾਈਵੇਟ ਕਲੇਮਜ਼ · ਫਰੀ ਕਰਟਸੀ ਕਾਰ · ਆਟੋ ਗਲਾਸ ਰਿਪਲੇਸਮੈਂਟ · ਫਰੀ ਐਸਟੀਮੇਟ
Ph. 604-596-2800
Fax: 604-596-3800
Satisfaction Guarantee

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ ’ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ ’ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey
Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ • ਕੌਂਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8

READY FOR A FRESH START!
With updated strategies and a fast netwok, we'll re-list and ensure your home gets the attention it deserves.
*RESIDENTIAL *COMMERCIAL *AGRICULTURAL
We are happy to answer all of your questions.
DR. GURVINDER SINGH DHALIWAL 604-825-1550
gurvindersinghprec@gmail.com
WWW.GURVINDERSINGHDHALIWAL.COM
PERSONAL REAL ESTATE CORPORATION M.A., Ph.D

ਪੰਜਾਬ ਗਾਰਡੀਅਨ
Call to Advertise
604-590-5200

FARM AND SPICE

# Weekly Special

## JUNE 14 - 20



ਪੁਦੀਨਾ
**Mint**
each
**$0.99**



ਐਵਾਕਾਡੋ
**Avacado**
each
**$0.99**



ਨਿੰਬੂ (ਹਰੇ/ਪੀਲੇ)
**Limes/Lemon**
2 For
**$0.99**



ਗਾਜਰ
**Carrot Snaptop**
per lb
**$0.99**



ਸੇਬ
**Apples**
Ambrosia/Cosmic Crisp - per lb
**$1.49**



ਪਾਲਕ
**Spinach**
each
**$1.49**



ਟਮਾਟਰ
**Tomatoes**
Roma - per lb
**$1.49**



ਅਮਰੂਦ
**Guava**
per lb
**$2.99**



ਜੂਸ
**ITN Juices**
Assorted (3Ltr) each
**$6.99**



ਨਾਰੀਅਲ ਪਾਣੀ
**Bestropic**
Coconut Water (1Ltr) each
**$3.99**



ਨਾਰੀਅਲ ਪਾਣੀ
**Bestropic**
Coconut Water (1Ltr) 2 for
**$7.99**



ਅਮਲਾ ਮੁਰੱਬਾ
**Pachranga**
Amla Murabba (1Kg)
**$4.99**



ਭੂਰੀ ਖੰਡ
**Tiger**
Brown Sugar (8Lb) each
**$9.99**



ਬਾਸਮਤੀ ਚਾਵਲ
**Such Rice**
Basmati (10Lb) each
**$10.99**



ਹੀਰ ਆਟਾ
**Heer Atta**
Chakki/Whole Wheat (20Lb) each
**$12.99**



ਦੇਸੀ ਘਿਓ
**Heer**
Desi Ghee (3.5Lb) each
**$24.99**

*while supply last

Open 7 Days a Week
8:30 am to 9:00 pm

farmandspice.com


#9546-9548 Scott Town Plaza
96 Ave Scott Road Surrey

# 09-10 12830 96 Ave.
Surrey BC | Tel: 604 930 7742

# 103-104 14320 64 Ave.
Surrey BC | Tel: 604 593 6323

# ਜੈਪੁਰ ’ਚ ਕਿਉਂ ਕੀਤੀ ਜਾ ਰਹੀ ਘਰਾਂ ’ਤੇ ਪੋਸਟਰ ਲਗਾ ਕੇ ‘.ਗੈਰ-ਹਿੰਦੂਆਂ’ ਨੂੰ ਜਾਇਦਾਦ ਨਾ ਵੇਚਣ ਦੀ ਅਪੀਲ? ਜਾਣੋ ਕਾਰਨ

ਜੈਪੁਰ: ਭੱਟਾ ਬਸਤੀ ਥਾਣਾ ਖੇਤਰ ਦੇ ਸ਼ਿਵਾਜੀ ਨਗਰ ’ਚ ਬੁਧਵਾਰ ਨੂੰ ਕੁੱਝ ਘਰਾਂ ’ਤੇ ਪੋਸਟਰ ਦੇਖੇ ਗਏ, ਜਿਨ੍ਹਾਂ ’ਚ ਕਿਹਾ ਗਿਆ ਸੀ ਕਿ ਮਕਾਨ ਗੈਰ-ਹਿੰਦੂਆਂ ਨੂੰ ਨਹੀਂ ਵੇਚੇ ਜਾਣੇ ਚਾਹੀਦੇ। ਇਨ੍ਹਾਂ ਪੋਸਟਰਾਂ ’ਚ ਹਿੰਦੂ ਲੋਕਾਂ ਦਾ ਪ੍ਰਵਾਸ ਰੋਕਣ ਦੀ ਅਪੀਲ ਵੀ ਕੀਤੀ ਗਈ ਹੈ। ਕੁੱਝ ਸਥਾਨਕ ਲੋਕਾਂ ਨੇ ਇਕ ਟੀ.ਵੀ. ਚੈਨਲ ਨੂੰ ਦਸਿਆ ਕਿ ਉਨ੍ਹਾਂ ਨੇ ਅਪਣੀ ਮਰਜ਼ੀ ਨਾਲ ਅਪਣੇ ਘਰਾਂ ’ਤੇ ਪੋਸਟਰ ਚਿਪਕਾ ਕੇ ਅਪਣੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਪਣੇ ਘਰ ਗੈਰ-ਹਿੰਦੂਆਂ ਨੂੰ ਨਾ ਵੇਚਣ। ਸਰਵ ਹਿੰਦੂ ਸਮਾਜ ਦੇ ਨਾਂ ’ਤੇ ਲੱਗੇ ਸਾਰੇ ਪੋਸਟਰਾਂ ’ਚ ਹਿੰਦੀ ’ਚ ਲਿਖਿਆ ਹੈ, ‘‘ਸਨਾਤਨੀਆਂ ਨੂੰ ਅਪੀਲ, ਪ੍ਰਵਾਸ ਬੰਦ ਕਰੋ। ਸਾਰੇ ਸਨਾਤਨ ਭਰਾਵਾਂ ਅਤੇ ਭੈਣਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਅਪਣੇ ਘਰ ਗੈਰ-ਹਿੰਦੂਆਂ ਨੂੰ ਨਾ ਵੇਚਣ।’’




ਸਥਾਨਕ ਲੋਕਾਂ ਨੇ ਦੋਸ਼ ਲਾਇਆ ਕਿ ਇਲਾਕੇ ਦਾ ਮਾਹੌਲ ਉਨ੍ਹਾਂ ਲਈ ਵਿਗੜ ਰਿਹਾ ਹੈ ਕਿਉਂਕਿ ਜਿਹੜੇ ਲੋਕ ਆਏ ਸਨ ਅਤੇ ਮਕਾਨ ਖਰੀਦ ਕੇ ਉਨ੍ਹਾਂ ਵਿਚ ਰਹਿਣ ਲੱਗੇ ਸਨ, ਉਨ੍ਹਾਂ ਵਿਚੋਂ ਬਹੁਤ ਸਾਰੇ ਪਰੇਸ਼ਾਨੀ ਪੈਦਾ ਕਰ ਰਹੇ ਸਨ, ਜਿਸ ਨਾਲ ਔਰਤਾਂ ਅਤੇ ਲੜਕੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਕਿਹਾ ਕਿ ਸ਼ਰਾਰਤੀ ਅਨਸਰ ਉਨ੍ਹਾਂ ਦੀਆਂ ਗਲੀਆਂ ਵਿਚ ਘੁੰਮਦੇ ਹਨ ਅਤੇ ਨੌਜੁਆਨਾਂ ਦੇ ਸਮੂਹ ਇਕੱਠੇ ਹੁੰਦੇ ਹਨ ਅਤੇ ਜਦੋਂ ਸਥਾਨਕ ਲੋਕ ਵਿਰੋਧ ਕਰਦੇ ਹਨ ਤਾਂ ਉਹ ਲੜਨਾ ਸ਼ੁਰੂ ਕਰ ਦਿੰਦੇ ਹਨ। ਇਕ ਸਥਾਨਕ ਵਿਅਕਤੀ ਨੇ ਕਿਹਾ, ‘‘ਇਸ ਸਥਿਤੀ ਦੇ ਕਾਰਨ, ਅਸੀਂ ਅਪਣੇ ਘਰਾਂ ਦੇ ਬਾਹਰ ਪੋਸਟਰ ਚਿਪਕਾਉਣ ਦਾ ਫੈਸਲਾ ਕੀਤਾ ਜਿਸ ’ਚ ਲੋਕਾਂ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਅਪਣੇ ਘਰ ਗੈਰ-ਹਿੰਦੂਆਂ ਨੂੰ ਨਾ ਵੇਚਣ। ਜਾਇਦਾਦ ਦੇ ਦਲਾਲ ਅਕਸਰ ਸਾਡੇ ਕੋਲ ਆਉਂਦੇ ਹਨ ਅਤੇ ਪੁੱਛਦੇ ਹਨ ਕਿ ਕੀ ਅਸੀਂ ਅਪਣਾ ਘਰ ਵੇਚਣ ’ਚ ਦਿਲਚਸਪੀ ਰਖਦੇ ਹਾਂ। ਬਹੁਤ ਸਾਰੇ ਘਰ ਬਾਹਰੀ ਲੋਕਾਂ ਨੂੰ ਵੇਚ ਦਿਤੇ ਗਏ ਹਨ ਅਤੇ ਸਾਡੇ ਇਲਾਕੇ ਦਾ ਮਾਹੌਲ ਖਰਾਬ ਹੋ ਗਿਆ ਹੈ।’’

# ਪ੍ਰਦੂਸ਼ਣ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਭਾਰਤ ਵੀ ਮੋਹਰੀ ਦੇਸ਼

ਸਿੰਗਾਪੁਰ:ਯੂਨਿਵਰਸਿਟੀ ਦੇ ਇਕ ਅਧਿਐਨ ਮੁਤਾਬਕ ਮੌਸਮ ‘ਚ ਆਏ ਬਦਲਾਅ ਅਤੇ ਜ਼ਹਿਰੀਲੀ ਹਵਾ ਕਾਰਨ ਹੋਣ ਵਾਲੀਆਂ ਮੌਤਾਂ ‘ਚ ਕਰੀਬ 14 ਫੀਸਦੀ ਵਾਧਾ ਹੋਇਆ ਹੈ। ਇਸ ਤੋਂ ਇਲਾਵਾ, ਪਿਛਲੇ 40 ਸਾਲਾਂ ਵਿੱਚ ਦੁਨੀਆ ਭਰ ਵਿੱਚ ਲਗਭਗ 13 ਕਰੋੜ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਇਨ੍ਹਾਂ ਵਿੱਚ ਜ਼ਿਆਦਾਤਰ ਮੌਤਾਂ ਏਸ਼ੀਆ ਵਿੱਚ ਹੋਈਆਂ ਹਨ।ਏਸ਼ੀਆ ਵਿੱਚ ਕਰੀਬ 10 ਕਰੋੜ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਇਸ ਵਿਚ ਚੀਨ ਅਤੇ ਭਾਰਤ ਵਿਚ ਸਭ ਤੋਂ ਵੱਧ ਮੌਤਾਂ ਹੋਈਆਂ ਹਨ। ਭਾਰਤ ਅਤੇ ਚੀਨ ਤੋਂ ਇਲਾਵਾ ਪਾਕਿਸਤਾਨ, ਬੰਗਲਾਦੇਸ਼, ਇੰਡੋਨੇਸ਼ੀਆ ਅਤੇ ਜਾਪਾਨ ਵਿਚ ਵੀ ਲੋਕਾਂ ਦੀ ਸਮੇਂ ਤੋਂ ਪਹਿਲਾਂ ਮੌਤਾਂ ਵੱਡੇ ਪੱਧਰ ‘ਤੇ ਹੋਈਆਂ ਹਨ। ਇਨ੍ਹਾਂ ਦੇਸ਼ਾਂ ਵਿਚ ਮਰਨ ਵਾਲਿਆਂ ਦੀ ਗਿਣਤੀ 20 ਲੱਖ ਤੋਂ 50 ਲੱਖ ਦੇ ਵਿਚਕਾਰ ਹੈ। ਸਿੰਗਾਪੁਰ ਯੂਨੀਵਰਸਿਟੀ ਦੇ ਅਧਿਐਨ ਮੁਤਾਬਕ 1980 ਤੋਂ 2020 ਦਰਮਿਆਨ ਹਵਾ ਪ੍ਰਦੂਸ਼ਣ ਕਾਰਨ ਦੁਨੀਆ ਭਰ ਵਿੱਚ ਕੁੱਲ 135 ਮਿਲੀਅਨ ਲੋਕਾਂ ਦੀ ਮੌਤ ਹੋ ਚੁੱਕੀ ਹੈ। ਰਿਪੋਰਟ ਮੁਤਾਬਕ ਇਨ੍ਹਾਂ 40 ਸਾਲਾਂ ‘ਚ ਕਾਰਬਨ ਨਿਕਾਸੀ, ਜੰਗਲਾਂ ਦੀ ਅੱਗ ਵਰਗੀਆਂ ਘਟਨਾਵਾਂ ਨੇ ਇੰਨੀ ਵੱਡੀ ਗਿਣਤੀ ‘ਚ ਲੋਕਾਂ ਦੀ ਜਾਨ ਲਈ ਹੈ।ਹਵਾ ਪ੍ਰਦੂਸ਼ਣ ਕਾਰਨ ਦਿਲ ਦਾ ਦੌਰਾ, ਫੇਫੜਿਆਂ ਦੇ ਰੋਗ, ਕੈਂਸਰ ਅਤੇ ਹੋਰ ਬੀਮਾਰੀਆਂ ਘਾਤਕ ਬਣ ਰਹੀਆਂ ਹਨ। ਜਿਨ੍ਹਾਂ ਬਿਮਾਰੀਆਂ ਦਾ ਇਲਾਜ ਕੀਤਾ ਜਾ ਸਕਦਾ ਸੀ, ਉਹ ਹਵਾ ਪ੍ਰਦੂਸ਼ਣ ਦੇ ਮਾੜੇ ਪ੍ਰਭਾਵਾਂ ਕਾਰਨ ਲਾਇਲਾਜ ਹੋ ਰਹੀਆਂ ਹਨ।

# ਚੋਣਾਂ ਦੌਰਾਨ ਮਰਿਯਾਦਾ ਦੀ ਪਾਲਣਾ ਨਹੀਂ ਹੋਈ:ਮੋਹਨ ਭਾਗਵਤ

ਨਾਗਪੁਰ:-ਰਾਸ਼ਟਰੀ ਸਵੈਮਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਹਾਲੀਆ ਲੋਕ ਸਭਾ ਚੋਣਾਂ ਦੌਰਾਨ ਕਈ ਸਿਆਸੀ ਪਾਰਟੀਆਂ ਨੇ ‘ਆਦਰਸ਼ ਚੋਣ ਜ਼ਾਬਤੇ’ ਦੀ ਜੰਮ ਕੇ ਉਲੰਘਣਾ ਕੀਤੀ। ਭਾਗਵਤ ਨੇ ਕਿਹਾ ਕਿ ਜਮਹੂਰੀਅਤ ਵਿੱਚ ਵਿਰੋਧੀ ਧਿਰਾਂ ਨੂੰ ਸਿਰਫ਼ ਵਿਰੋਧੀ ਨਾ ਸਮਝਿਆ ਜਾਵੇ ਤੇ ਉਨ੍ਹਾਂ ਦੇ ਵਿਚਾਰਾਂ ਨੂੰ ਸਾਰਿਆਂ ਦੇ ਸਾਹਮਣੇ ਲਿਆਂਦਾ ਜਾਣਾ ਚਾਹੀਦਾ ਹੈ।ਭਾਗਵਤ ਆਰਐੱਸਐੱਸ ਵਰਕਰਾਂ ਦੀ ਡਿਵੈਲਪਮੈਂਟ ਕਲਾਸ ਦੇ ਸਮਾਪਤੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।ਉਨ੍ਹਾਂ ਕਿਹਾ, ‘‘ਚੋਣਾਂ ਜਮਹੂਰੀਅਤ ਦਾ ਜ਼ਰੂਰੀ ਅਮਲ ਹਨ। ਚੋਣ ਲੜਨ ਦੀ ਵੀ ਇਕ ਮਾਣ-ਮਰਿਯਾਦਾ ਹੁੰਦੀ ਹੈ, ਜਿਸ ਦਾ ਇਨ੍ਹਾਂ ਚੋਣਾਂ ਵਿਚ ਸਤਿਕਾਰ ਨਹੀਂ ਕੀਤਾ ਗਿਆ। ਕਿਉਂਕਿ ਸਾਡੇ ਦੇਸ਼ ਨੂੰ ਦਰਪੇਸ਼ ਚੁਣੌਤੀਆਂ ਅਜੇ ਖ਼ਤਮ ਨਹੀਂ ਹੋਈਆਂ।’’ ਆਰਐੱਸਐੱਸ ਮੁਖੀ ਨੇ ਸਰਬਸੰਮਤੀ ਬਣਾਉਣ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਜਮਹੂਰੀਅਤ ਵਿਚ ਮੁਕਾਬਲੇਬਾਜ਼ੀ ਹੁੰਦੀ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਦੂਜਿਆਂ ਨੂੰ ਪਿਛਾਂਹ ਧੱਕੀਏ। ਉਨ੍ਹਾਂ ਕਿਹਾ, ‘‘ਹਰੇਕ ਵਿਅਕਤੀ ਦੀ ਵਿਚਾਰਧਾਰਾ ਤੇ ਅੰਤ੍ਰਾਕਰਨ ਵੱਖੋ ਵੱਖਰਾ ਹੈ, ਜਿਸ ਕਰਕੇ ਇਕ ਦੂਜੇ ਨਾਲ ਵਿਚਾਰ ਮੇਲ ਨਹੀਂ ਖਾ ਸਕਦੇ। ਪਰ ਜਦੋਂ ਸਮਾਜ ਦੇ ਲੋਕ ਵੱਖੋ ਵੱਖਰੀ ਵਿਚਾਰਧਾਰਾ ਦੇ ਬਾਵਜੂਦ ਮਿਲ ਕੇ ਅੱਗੇ ਵਧਣ ਦਾ ਫੈਸਲਾ ਕਰਦੇ ਹਨ ਤਾਂ ਫਿਰ ਪਰਸਪਰ ਸਹਿਮਤੀ ਬਣਦੀ ਹੈ।

# ਭਾਜਪਾ ਨੂੰ ਵੋਟ ਨਾ ਦੇਣ ‘ਤੇ ਮਰਾਠਿਆਂ ‘ਤੇ ਹਮਲੇ



ਨਵੀਂ ਦਿੱਲੀ—ਮਰਾਠਾ ਰਾਖਵਾਂਕਰਨ ਅੰਦੋਲਨ ਦੇ ਨੇਤਾ ਮਨੋਜ ਜਾਰੰਗੇ ਨੇ 9 ਜੂਨ ਨੂੰ ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਦੇਵੇਂਦਰ ਫੜਨਵੀਸ ਤੋਂ ਮੰਗ ਕੀਤੀ ਕਿ ਬੀਡ ‘ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਲੋਕ ਸਭਾ ਉਮੀਦਵਾਰ ਨੂੰ ਵੋਟ ਨਾ ਪਾਉਣ ਵਾਲੇ ਮਰਾਠਿਆਂ ‘ਤੇ ਹਮਲਾ ਕੀਤਾ ਜਾਵੇ।ਟੈਲੀਗ੍ਰਾਫ ਨੇ ਦੱਸਿਆ ਕਿ ਪਿੰਡ ਅੰਤਰਵਾਲੀ ਸਾਰਥੀ ਵਿਖੇ ਆਪਣੇ ਅਣਮਿੱਥੇ ਸਮੇਂ ਦੇ ਵਰਤ ਦੇ ਦੂਜੇ ਦਿਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਜਾਰੰਗੇ ਨੇ ਕਿਹਾ ਕਿ ਬੀਡ ਜ਼ਿਲ੍ਹੇ ਦੇ ਕੁਝ ਪਿੰਡਾਂ ਵਿੱਚ ਮਰਾਠਾ ਭਾਈਚਾਰੇ ਦੇ ਲੋਕਾਂ ‘ਤੇ ਭਾਜਪਾ ਦੀ ਪੰਕਜਾ ਮੁੰਡੇ ਨੂੰ ਵੋਟ ਨਾ ਦੇਣ ਲਈ ਹਮਲੇ ਕੀਤੇ ਜਾ ਰਹੇ ਹਨ, ਉਹ ਨੈਸ਼ਨਲ ਕਾਂਗਰਸ ਤੋਂ ਹਾਰ ਗਈ ਸੀ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ (ਸ਼ਰਦ ਪਵਾਰ) ਦੇ ਉਮੀਦਵਾਰ ਬਜਰੰਗ ਸੋਨਾਵਨੇ।ਉਨ੍ਹਾਂ ਨੇ ਗ੍ਰਹਿ ਮੰਤਰੀ ਅਤੇ ਬੀਡ ਦੇ ਪੁਲਿਸ ਸੁਪਰਡੈਂਟ ਨੂੰ ਅਜਿਹੀ ਹਿੰਸਾ ਵਿਰੁੱਧ ਕਾਰਵਾਈ ਕਰਨ ਦੀ ਅਪੀਲ ਕੀਤੀ ਅਤੇ ਮਰਾਠਾ ਨੌਜਵਾਨਾਂ ਨੂੰ ਸ਼ਾਂਤੀ ਅਤੇ ਫਿਰਕੂ ਸਦਭਾਵਨਾ ਬਣਾਈ ਰੱਖਣ ਦੀ ਅਪੀਲ ਕੀਤੀ।ਜਾਰੰਗੇ ਨੇ ਕਿਹਾ ਕਿ ਮਰਾਠਾ ਹਿੱਤਾਂ ਦਾ ਵਿਰੋਧ ਕਰਨ ਵਾਲੇ ਨੇਤਾਵਾਂ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਨਤੀਜੇ ਭੁਗਤਣੇ ਪੈਣਗੇ।









# ਥੱਪੜ ਕੰਗਨਾ ਦੇ ਨਹੀਂ ਨਫ਼ਰਤੀ ਸੋਚ ਦੇ ਮੂੰਹ 'ਤੇ?



ਮੋਹਾਲੀ ਹਵਾਈ ਅੱਡੇ ਤੇ ਹਿਮਾਚਲ ਤੋਂ ਚੁਣਕੇ ਆਈ, ਇੱਕ ਚਰਚਿਤ, ਹੰਕਾਰੀ ਅਤੇ ਨਫਰਤੀ ਸੋਚ ਵਾਲੀ ਬੀਬੀ, ਕੰਗਣਾ ਰਣੌਤ ਨੂੰ ਜਦੋਂ ਹਵਾਈ ਅੱਡੇ ਦੀ ਸੁਰੱਖਿਅ ਲਈ ਤਾਇਨਾਤ ਇੱਕ ਸੀਆਈਐਸਐਫ ਦੀ ਮੁਲਾਜ਼ਮ, ਬੀਬੀ ਕੁਲਵਿੰਦਰ ਕੌਰ ਨੇ ਨਿਯਮਾਂ ਅਨੁਸਾਰ ਜਾਂਚ ਕਰਵਾਉਣ ਵਾਸਤੇ ਕਿਹਾ ਤਾਂ ਕੰਗਣਾ ਅੱਗ ਬਾਬੋਲਾ ਹੋ ਗਈ ਕਿ ਮੈਂ ਤਾਂ ਐਮ.ਪੀ ਹਾਂ ਮੇਰੇ ਸਾਹਮਣੇ ਇੱਕ ਪੁਲਿਸ ਮੁਲਾਜ਼ਮ ਦੀ ਕੀ ਔਕਾਤ ਹੈ? ਪ੍ਰੰਤੂ ਕਾਨੂੰਨ ਤੇ ਨਿਯਮ ਤਾਂ ਸਭ ਵਾਸਤੇ ਬਰਾਬਰ ਹਨ।ਕੰਗਣਾ ਨੇ ਆਪਣੀ ਆਦਤ ਅਤੇ ਸਤ੍ਹਾ ਦੇ ਹੰਕਾਰ ਵਿੱਚ ਕੁਲਵਿੰਦਰ ਕੌਰ ਨੂੰ ਕਰ ਖਾਲਿਸਤਾਨੀ" ਵਰਗੇ ਲਕਬ ਨਾਲ ਸੰਬੋਧਨ ਕੀਤਾ। ਜਿਸ ਨਾਲ ਇੱਕ ਕਿਸਾਨ ਦੀ ਧੀ ਦੇ ਪੁਰਾਣੇ ਜ਼ਖਮ ਵੀ ਜਾਗ ਪਏ ਕਿ ਇਸ ਬੜਬੋਲੀ ਬੀਬੀ ਨੇ ਦਿੱਲੀ ਕਿਸਾਨ ਧਰਨੇ ਵੇਲੇ ਸਾਡੀਆਂ ਮਾਵਾਂ ਨੂੰ ਦਿਹਾੜੀ ਤੇ ਆਈਆਂ ਦੱਸਿਆ ਸੀ ਅਤੇ ਉਸ ਨੇ ਇੱਕ ਕਰਾਰਾ ਜਿਹਾ ਥੱਪੜ ਮੂੰਹ ਤੇ ਜੜ੍ਹ ਦਿੱਤਾ। ਇਹ ਥੱਪੜ ਕਦੋਂ ਵੱਜਦੇ ਹਨ ਅਤੇ ਕਿਉਂ ਵੱਜਦੇ ਹਨ,ਜਿੰਨੀ ਦੇਰ ਇਸ ਪੱਖ ਨੂੰ ਨਹੀਂ ਘੋਖਿਆ ਜਾਂਦਾ, ਓਨੀ ਦੇਰ ਕੁਲਵਿੰਦਰ ਕੌਰ ਨੂੰ ਦੋਸ਼ੀ ਆਖਣ ਵੀ ਉਚਿਤ ਨਹੀਂ ਹੋਵੇਗਾ? ਇਹ ਥੱਪੜ ਕਿਸੇ ਵੇਲੇ ਸ.ਮਨਜੀਤ ਸਿੰਘ ਜੀਕੇ ਨੇ 'ਕਰੇਨ ਬੇਦੀ' ਵੱਲੋਂ ਜਾਣੀ ਜਾਂਦੀ ਪੁਲਿਸ ਅਫਸਰ ਬੀਬੀ ਕਿਰਨ ਬੇਦੀ ਦੇ ਮੂੰਹ ਤੇ ਵੀ ਮਾਰਿਆ ਸੀ ਪ੍ਰੰਤੂ ਉਸ ਸਮੇਂ ਜਦੋਂ ਉਹ ਮਾਵਾਂ ਭੈਣਾਂ ਦੀਆਂ ਗੰਦੀਆਂ ਗਾਲ੍ਹਾਂ ਕੱਢਣ ਤੇ ਉੱਤਰ ਆਈ ਸੀ। ਲੰਕਾ ਦੇ ਇੱਕ ਫੌਜੀ ਜਵਾਨ ਸਲਾਮੀ ਪਰੇਡ ਵੇਲੇ ਭਾਰਤੀ ਪ੍ਰਧਾਨ ਮੰਤਰੀ ਰਜੀਵ ਗਾਂਧੀ ਦੇ ਮੋਢੇ ਤੇ ਰਾਈਫਲ ਦਾ ਬੁੱਟ ਵੀ ਮਾਰਿਆ ਸੀ। ਇੱਕ ਪੱਤਰਕਾਰ ਜਰਨੈਲ ਸਿੰਘ ਨੇ ਗ੍ਰਹਿ ਮੰਤਰੀ ਉੱਤੇ ਪ੍ਰੈਸ ਕਾਨਫਰੰਸ ਵਿੱਚ ਹੀ ਜੁੱਤੀ ਸੁੱਟ ਦਿੱਤੀ ਸੀ। ਇਹ ਸੁਭਾਵਿਕਤਾ ਨਹੀਂ ਸਗੋਂ ਜਜ਼ਬਾਤਾਂ ਨੂੰ ਪੁੱਜੀ ਠੇਸ ਦਾ ਨਤੀਜਾ ਸੀ। ਜਦੋਂ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇ ਜਾਂ ਕੋਈ ਕਿਸੇ ਦੀ ਜਾਤ,ਧਰਮ, ਨਸਲ ਰੰਗ ਜਾਂ ਕਿੱਤੇ ਨੂੰ ਲੋਕ ਨਵਰਤੀ ਟਿੱਪਣੀਆਂ ਕਰੇ ਤਾਂ ਕਿਸੇ ਦੇ ਵੀ ਜ਼ਜ਼ਬਾਤ ਕਾਬੂ ਤੋਂ ਬਾਹਰ ਹੋ ਸਕਦੇ ਹਨ। ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਉੱਤੇ ਹਮਲਾ ਕੀਤਾ ਤਾਂ ਸਿੱਖ ਜ਼ਜ਼ਬਾਤ ਲੂਹੇ ਗਏ ਅਤੇ ਇੰਦਰਾ ਦੀ ਸੁਰੱਖਿਆ ਵਿੱਚੋਂ ਹੀ ਜਜ਼ਬਾਤਾਂ ਦਾ ਭਾਂਬੜ ਬਲ ਉੱਠਿਆ ਅਤੇ ਭਾਈ ਬੇਅੰਤ ਸਿੰਘ ਤੇ ਭਾਈ ਸਤਵੰਤ ਸਿੰਘ ਨੇ ਗੋਲੀਆਂ ਮਾਰ ਦਿੱਤੀਆਂ। ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿਹੁੰ ਵੱਲੋਂ ਜ਼ਬਰ ਦੀ ਇੰਤਹਾ ਕਰ ਦੇਣ ਤੋਂ ਬਾਅਦ ਉਸਦੀ ਸੁਰੱਖਿਆ ਵਿੱਚੋਂ ਹੀ ਭਾਈ ਦਿਲਾਵਰ ਸਿੰਘ ਦੇ ਜ਼ਜ਼ਬਾਤ ਜਾਗ ਪਏ ਅਤੇ ਬੇਅੰਤ ਸਿਹੁੰ ਨੂੰ ਮਿਟਾਉਣ ਲਈ ਮਨੁੱਖੀ ਬੰਬ ਬਣ ਗਿਆ । ਹੋਰ ਬਹੁਤ ਘਟਨਾਵਾਂ ਹਨ ਜਿਹਨਾਂ ਦਾ ਜ਼ਿਕਰ ਇਤਿਹਾਸ ਵਿੱਚ ਦਰਜ਼ ਹੈ ।ਪ੍ਰੰਤੂ ਅਜਿਹਾ ਹੁੰਦਾ ਕਿਉਂ ਹੈ ਜਾਂ ਅਜਿਹੀ ਨੌਬਤ ਹੀ ਕਿਉਂ ਆਵੇ, ਇਸ ਸਵਾਲ ਦਾ ਜਵਾਬ ਜ਼ਰੂਰੀ ਹੈ। ਕੰਗਣਾ ਭਲੇ ਹੀ ਅੱਜ ਐਮਪੀ ਬਣ ਚੁੱਕੀ ਹੈ।ਪ੍ਰੰਤੂ ਕਿਸਾਨ ਅੰਦੋਲਨ ਵੇਲੇ ਤਾਂ ਨਾ ਤਿੰਨਾਂ ਵਿੱਚੋਂ ਨਾ ਤੇਰਾਂ ਵਿੱਚੋਂ ਸੀ ? ਪੰਤੂ ਬਿਆਨ ਇਸ ਤਰ੍ਹਾਂ ਦੇ ਰਹੀ ਸੀ ਜਿਵੇਂ ਦੇਸ਼ ਦੀ ਗ੍ਰਹਿ ਮੰਤਰੀ ਹੋਵੇ? ਕਿਸਾਨ ਮਾਵਾਂ ਨੂੰ ਭਾੜੇ ਤੇ ਆਈਆਂ ਦੱਸਣਾ ਜਾਂ ਕਿਸਾਨਾਂ ਨੂੰ ਅੱਤਵਾਦੀ, ਖਾਲਿਸਤਾਨੀ, ਦੇਸ਼ ਧ੍ਰੋਹੀ, ਪਾਕਿਸਤਾਨੀ ਆਦਿਕ ਸਲੋਗਨ ਦੇਣੇ, ਕੰਗਣਾ ਦੇ ਕਿਸ ਸੰਵਿਧਾਨਿਕ ਅਧਿਕਾਰ ਦਾ ਹਿੱਸਾ ਸਨ ? ਇਸ ਤਰਾਂ ਹੀ ਪੁਲਿਸ ਦੀ ਵਰਦੀ ਵਿੱਚ ਆਪਣੀ ਡਿਊਟੀ ਦੇ ਰਹੀ, ਇੱਕ ਕਰਮਚਾਰੀ ਬੀਬੀ ਨੂੰ ਖਾਲਿਸਤਾਨੀ ਕਹਿਣਾ ਕਿੰਨਾ ਨੂੰ ਜ਼ਾਇਜ਼ ਸੀ ? ਯੂਪੀ ਵਿੱਚ ਇੱਕ ਸਿੱਖ ਆਈ.ਏ.ਐਸ. ਅਫਸਰ ਨੂੰ ਵੀ ਅਜਿਹੇ ਲਫ਼ਜ਼ ਸੁਣਨੇ ਪਏ ਹਨ।ਸਿੱਖਾਂ ਨੂੰ ਹਰ ਰੋਜ਼ ਕੋਈ ਗਦਾਰ ਕੋਈ ਦੇਸ਼ ਧ੍ਰੋਹੀ ਕਹਿੰਦਾ ਹੈ।ਸੋਸ਼ਲ ਮੀਡੀਆ ਉੱਤੇ ਹਜ਼ਾਰਾਂ ਫਰਜ਼ੀ ਖਾਤਿਆਂ ਤੋਂ ਸਿੱਖਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਇਹ ਸ਼ਰੇਆਮ ਇੱਕ ਐਮਪੀ ਨੇ ਲੋਕਾਂ ਦੇ ਸਾਹਮਣੇ ਹੀ ਕਹਿ ਦਿੱਤਾ। ਜਿਸ ਬਾਰੇ ਇੱਕ ਹੋਰ ਮੁਲਾਜ਼ਮ ਦੇ ਹਵਾਲੇ ਨਾਲ ਖਬਰਾਂ ਆ ਰਹੀਆਂ ਹਨ ਕਿ ਕੰਗਣਾ ਨੇ ਪਹਿਲਾਂ ਕੁਲਵਿੰਦਰ ਕੌਣ ਨੂੰ ਅਜਿਹੇ ਚੁਭਵੇਂ ਲਫ਼ਜ਼ ਵਰਤੇ। ਕੰਗਣਾ ਦੀ ਜਿਵੇਂ ਦੀ ਬੋਲੀ ਜਾਂ ਸੋਚ ਸੀ ਉਸ ਤਰ੍ਹਾਂ ਦਾ ਵਿਉਹਾਰ ਕਰਵਾ ਲਿਆ। ਹੁਣ ਦੋ ਮਸਲੇ ਹਨ ਇੱਕ ਤਾਂ ਇਹ ਕਿ ਭਾਰਤ ਦੀ ਆਜ਼ਾਦੀ ਲਈ 90 ਫ਼ੀਸਦੀ ਕੁਰਬਾਨੀਆਂ ਕਰਨ ਵਾਲੇ ਦੇਸ਼ ਭਗਤ ਸਿੱਖਾਂ ਨੂੰ ਅਜਿਹਾ ਕੁੱਝ ਕਦੋਂ ਤੱਕ ਸੁਣਨਾ ਪਵੇਗਾ? ਦੂਜਾ ਇਹ ਨਫਰਤ ਜੋ ਹਰ ਵੱਡੇ ਛੋਟੇ ਆਗੂ ਦੇ ਮਨ ਵਿੱਚ ਭਰੀ ਹੋਈ ਹੈ ਜਾਂ ਭਰੀ ਜਾ ਰਹੀ ਹੈ, ਇਸ ਨਾਲ ਹਾਲਾਤ ਕਿੱਧਰ ਨੂੰ ਜਾਣਗੇ ? ਹੁਣ ਜੇ ਕੁਲਵਿੰਦਰ ਕੌਰ ਉੱਤੇ ਇੱਕ ਪਾਸੜ ਕਾਰਵਾਈ ਹੁੰਦੀ ਹੈ ਤਾਂ ਇਹ ਇੱਕ ਜ਼ੁਲਮ ਹੋਵੇਗਾ। ਜਿਹੜਾ ਹੋਰ ਜ਼ਜ਼ਬਾਤਾਂ ਨੂੰ ਤੀਲੀ ਲਾਵੇਗਾ ? ਕੋਈ ਗੱਲ ਨਹੀਂ ਜੇ ਕੁਲਵਿੰਦਰ ਕੌਰ ਉੱਤੇ ਇੱਕ ਸਰਕਾਰੀ ਨੌਕਰ ਵਾਲੀ ਮਰਿਯਾਦਾ ਲਾਗੂ ਹੁੰਦੀ ਹੈ ਤਾਂ ਕੰਗਣਾ ਉੱਤੇ ਵੀ ਸੰਵਿਧਾਨ ਅਤੇ ਕਾਨੂੰਨ ਦਾ ਕੁੰਡਾ ਹੈ, ਕਿ ਉਸ ਨੂੰ ਵੀ ਕਿਸੇ ਉੱਤੇ ਨਸਲੀ ਜਾਂ ਉਸ ਦੀ ਕੌਮੀਅਤ ਜਾਂ ਧਰਮ ਨੂੰ ਲੋਕ ਭੱਦੀਆਂ ਅਤੇ ਦਿਲ ਦੁਖਾਊਂ ਟਿੱਪਣੀਆਂ ਕਰਨ ਦਾ ਅਧਿਕਾਰ ਨਹੀਂ ਹੈ। ਇਸ ਲਈ ਇਸ ਮਾਮਲੇ ਤੇ ਬਰਾਬਰ ਕਾਰਵਾਈ ਹੋਵੇ ਜਾਂ ਫਿਰ 'ਆਗੇ ਸਮਝ ਚਲੋ ਨੰਦ ਲਾਲਾ ਪਾਛੈ ਜੋ ਬੀਤੀ ਸੋ ਬੀਤੀ" ਦੇ ਸਿਧਾਂਤ ਅਨੁਸਾਰ ਭਾਰਤੀ ਤਾਣੇਬਾਣੇ ਨੂੰ ਇਹਨਾਂ ਨਫਰਤਾਂ ਨੂੰ ਘਟਾਉਣ ਵਾਲੇ ਪਾਸੇ ਸੋਚਣਾ ਚਾਹੀਦਾ ਹੈ ਤਾਂ ਕਿ ਕਿਸੇ ਨੂੰ ਮਰਿਯਾਦਾ ਦੀ ਰੇਖਾ ਨਾਂ ਉਲੰਘਣੀ ਪਵੇ? ਇਹ ਥੱਪੜ ਕੰਗਨਾ ਦੇ ਨਹੀਂ ਨਫਰਤੀ ਸੋਚ ਦੇ ਮੂੰਹ ਤੇ ਹੈ।

## ਕੰਗਣਾ ਦੀ ਭੈਣ ਨੇ ਕਿਸਾਨ ਅੰਦੋਲਨ ਨੂੰ ਕਿਹਾ ਖਾਲਿਸਤਾਨੀਆਂ ਦਾ ਅੰਦੋਲਨ

ਮੁੰਬਈ: ਕੰਗਣਾ ਰਣੌਤ ਦੀ ਭੈਣ ਰੰਗੋਲੀ ਚੰਦੇਲ ਨੇ ਕੁਲਵਿੰਦਰ ਕੌਰ ਖਿਲਾਫ ਜੰਮ ਕੇ ਭੜਾਸ ਕੱਢਦਿਆਂ,ਉਸਨੂੰ ਖਾਲਿਸਤਾਨ ਤੋਂ ਪੈਸੇ ਮਿਲਣ ਦੀ ਗੱਲ ਤੱਕ ਕਹਿ ਦਿੱਤੀ। ਰੰਗੋਲੀ ਚੰਦੇਲ ਨੇ ਆਪਣੇ ਇੰਸਟਾਗ੍ਰਾਮ ਸਟੋਰੀਜ਼ 'ਤੇ ਲਿਖਿਆ-ਖਾਲਿਸਤਾਨਿਓ ਬਸ ਯਹੀ ਔਕਾਤ ਹੈ ਤੁਹਾਡੀ।ਪਿੱਛਿਓਂ ਪਲਾਨ ਕਰਨਾ ਤੇ ਹਮਲਾ ਕਰਨਾ।ਪਰ ਮੇਰੀ ਭੈਣ ਦੀ ਰੀੜ੍ਹ ਦੀ ਹੱਡੀ ਸਟੀਲ ਦੀ ਬਣੀ ਹੋਈ ਹੈ।ਉਹ ਖੁਦ ਹੀ ਇਸ ਮਾਮਲੇ ਨਾਲ ਨਜਿੱਠਣਾ ਜਾਣਦੀ ਹੈ।ਪਰ ਹੁਣ ਇਸ ਤੋਂ ਬਾਅਦ ਪੰਜਾਬ ਦਾ ਕੀ ਹੋਵੇਗਾ? ਕਿਸਾਨ ਅੰਦੋਲਨ ਖਾਲਿਸਤਾਨੀਆਂ ਦਾ ਅੱਡਾ ਸੀ, ਇਹ ਗੱਲ ਸਾਬਤ ਹੋ ਚੁੱਕੀ ਹੈ।ਕੁਲਵਿੰਦਰ ਕੌਰ ਨੂੰ ਸਸਪੈਂਡ ਕਰਨ ਨਾਲ ਕੋਈ ਫਰਕ ਨਹੀਂ ਪੈਂਦਾ।ਉਸਨੂੰ ਮੋਟੀ ਰਕਮ ਆ ਗਈ ਹੋਣੀ ਖਾਲਿਸਤਾਨੀਆਂ ਤੋਂ, ਉਸ ਨੂੰ ਰਿਮਾਂਡ 'ਤੇ ਲੈਣਾ ਪਵੇਗਾ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੁਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)

iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com

RCIC CRIC

# ਸਾਕਾ ਨੀਲਾ ਤਾਰਾ ਵਿੱਚ ਬਰਤਾਨੀਆਂ ਸਰਕਾਰ ਦੀ ਭੂਮਿਕਾ ਦੀ ਲੇਬਰ ਸਰਕਾਰ ਬਣਨ 'ਤੇ ਜਾਂਚ ਹੋਵੇਗੀ:ਢੇਸੀ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਲੋਹ ਹਲਕੇ ਤੋਂ ਲੇਬਰ ਪਾਰਟੀ ਦੇ ਉਮੀਦਵਾਰ ਅਤੇ ਦੋ ਵਾਰ ਸੰਸਦੀ ਚੋਣਾਂ ਜਿੱਤਣ ਵਾਲੇ ਪਹਿਲੇ ਦਸਤਾਰਧਾਰੀ ਸਿੱਖ ਤਨਮਨਜੀਤ ਸਿੰਘ ਢੇਸੀ ਨੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਲੋਹ ਵਿਖੇ ਜੂਨ 1984 ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਸਾਕਾ ਨੀਲਾ ਤਾਰਾ ਵਿੱਚ ਬਰਤਾਨੀਆਂ ਦੀ ਉਸ ਸਮੇਂ ਦੀ ਸਰਕਾਰ ਦੀ ਭੂਮਿਕਾ ਨੂੰ ਲੈ ਕੇ ਸੁਤੰਤਰ ਜਾਂਚ ਕਰਵਾਉਣ ਲਈ ਲੇਬਰ ਪਾਰਟੀ ਵਚਨਵੱਧ ਹੈ। ਅਜੇਹਾ ਹੀ ਉਹਨਾਂ ਪੱਤਰਕਾਰ ਨਾਲ ਗੱਲ ਕਰਦਿਆਂ ਕਿਹਾ ਕਿ ਸਿੱਖਾਂ ਨੇ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਮੌਕੇ ਕੀਤੀ ਗਈ ਜਾਂਚ ਨੂੰ ਸਵੀਕਾਰ ਨਹੀਂ ਕੀਤਾ ਸੀ। ਉਹਨਾਂ ਇਹ ਵੀ ਕਿਹਾ ਕਿ ਗਾਜ਼ਾ ਅਤੇ ਫਲਸਤੀਨ ਦੀ ਲੜਾਈ ਨੂੰ ਲੈ ਕੇ ਕੁਝ ਲੋਕ ਗੁੰਮਰਾਹਕੁੰਨ ਪ੍ਰਚਾਰ ਕਰ ਰਹੇ ਹਨ ਅਤੇ ਭਾਈਚਾਰੇ ਵਿੱਚ ਵੰਡੀਆਂ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਹਨਾਂ ਸਲੋਹ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਜੇਹੇ ਲੋਕਾਂ ਤੋਂ ਚੌਕਸ ਰਹਿਣ ਅਤੇ ਆਪਸੀ ਸਾਂਝਾਂ ਨੂੰ ਮਜ਼ਬੂਤ ਬਣਾਈ ਰੱਖਣ। ਸ: ਢੇਸੀ ਨੇ ਕਿਹਾ ਕਿ ਬੀਤੀਆਂ ਦੋਵੇਂ ਟਰਮਾਂ ਵਿੱਚ ਉਹਨਾਂ ਆਪਣੇ ਹਲਕੇ ਦੇ ਲੋਕਾਂ ਦੀ ਅਵਾਜ਼ ਸੰਸਦ ਵਿੱਚ ਬੇਖੌਫ ਬੁਲੰਦ ਕੀਤੀ ਹੈ, ਸਿੱਖ, ਹਿੰਦੂ, ਮੁਸਲਿਮ, ਇਸਾਈ ਸਭ ਧਰਮਾਂ ਤੇ ਜਦੋਂ ਵੀ ਦੁਨੀਆਂ ਦੇ ਕਿਸੇ ਕੋਨੇ ਵਿੱਚ ਵੀ ਕੁਝ ਗਲਤ ਹੋਇਆ ਉਹ ਸੰਸਦ ਵਿੱਚ ਖੁੱਲ੍ਹ ਕੇ ਬੋਲੇ ਹਨ ਅਤੇ ਅੱਗੋਂ ਵੀ ਆਪਣੇ ਹਲਕੇ ਦੇ ਲੋਕਾਂ ਦੀ ਅਵਾਜ਼ ਬਣਦੇ ਰਹਿਣਗੇ।

# "ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਹਿਸਾਬ ਲੈਣਗੀਆਂ":ਕੁਲਵਿੰਦਰ ਕੌਰ



ਸੁਲਤਾਨਪੁਰ ਲੋਧੀ- ਚੰਡੀਗੜ ਹਵਾਈ ਅੱਡੇ 'ਤੇ ਕੰਗਨਾਂ ਰਣੌਤ ਦੇ ਥੱਪੜ ਵੱਜਣ ਦੀ ਇਸ ਘਟਨਾਂ ਮਗਰੋਂ ਜਿੱਥੇ ਇਕ ਪਾਸੇ ਕੰਗਣਾਂ ਰਣੌਤ ਨੂੰ ਪੰਜਾਬ ਵਿੱਚ ਅੱਤਵਾਦ ਫੈਲਦਾ ਨਜ਼ਰ ਆਉਣ ਲੱਗ ਪਿਆ ਉੱਥੇ ਸੀ.ਆਈ.ਐਸ.ਐੱਫ. ਦੀ ਮੁਲਾਜ਼ਮ ਕੁਲਵਿੰਦਰ ਕੌਰ ਨੇ ਧਮਕੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਕਿਹਾ, "ਮੈਨੂੰ ਮੇਰੀ ਨੌਕਰੀ ਖੋਹਣ ਦੀ ਧਮਕੀ ਨਾ ਦਿਓ।ਮੈਂ ਇੱਕ ਕਿਸਾਨ ਦੀ ਧੀ ਹਾਂ, ਮੈਨੂੰ ਆਪਣੀ ਜ਼ਿੰਦਗੀ ਜਿਉਣੀ ਚੰਗੀ ਤਰਾਂ ਆਉਂਦੀ ਹੈ,ਮੇਰੇ ਅੰਦਰ ਅਜੇ ਵੀ ਇੰਨੀ ਲਿਆਕਤ ਹੈ, ਮੈਂ ਸੰਘਰਸ਼ ਕਰਕੇ ਦੁਬਾਰਾ ਨੌਕਰੀ ਹਾਸਲ ਕਰ ਸਕਦੀ ਹਾਂ।ਦੇਸ ਵਿਦੇਸ਼ ਵਿੱਚ ਵੱਸਦੇ ਪੰਜਾਬੀ, ਧਾਰਮਿਕ,ਮੁਲਾਜ਼ਮ ਤੇ ਕਿਸਾਨ-ਮਜ਼ਦੂਰ ਜਥੇਬੰਦੀਆਂ ਸਮੇਤ ਲੱਖਾਂ ਲੋਕ ਕੁਲਵਿੰਦਰ ਕੌਰ ਦੇ ਹੱਕ ਵਿੱਚ ਡੱਟ ਗਏ ਹਨ।ਕਿਸਾਨ ਜਥੇਬੰਦੀਆਂ ਨੇ ਕੁਲਵਿੰਦਰ ਕੌਰ ਦੇ ਖ਼ਿਲਾਫ ਕਾਰਵਾਈ ਹੋਣ ਦੀ ਸੂਰਤ ਵਿੱਚ ਸੰਘਰਸ਼ ਵਿੱਢਣ ਦੀ ਚਿਤਾਵਨੀ ਦਿੱਤੀ ਹੈ।ਧਾਰਮਿਕ ਜਥੇਬੰਦੀਆਂ ਦੇ ਕੁਝ ਆਗੂ ਕੁਲਵਿੰਦਰ ਕੌਰ ਦੇ ਪਿੰਡ ਜਾ ਕੇ ਉਸ ਦੀ ਮਾਂ ਨੂੰ ਸਨਮਾਨ ਦੇ ਕੇ ਆਏ ਹਨ।ਉਨ੍ਹਾਂ ਕੁਲਵਿੰਦਰ ਕੌਰ ਦੇ ਪਰਿਵਾਰ ਨੂੰ ਭਰੋਸਾ ਦਿਵਾਇਆ ਹੈ ਕਿ ਕੁਲਵਿੰਦਰ ਨੂੰ ਤੱਤੀ ਵਾਅ ਨਹੀਂ ਲੱਗਣ ਦੇਣਗੇ।ਕਿਸਾਨ ਅੰਦੋਲਨ ਵਿੱਚ ਸ਼ਮੂਲੀਅਤ ਕਰਨ ਵਾਲੀ ਬਿਰਧ ਮਹਿੰਦਰ ਕੌਰ ਵੀ ਕੁਲਵਿੰਦਰ ਕੌਰ ਦੇ ਹੱਕ ਵਿੱਚ ਨਿੱਤਰ ਆਈ ਹੈ।ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕੁਲਵਿੰਦਰ ਦੇ ਹੱਕ ਵਿੱਚ ਬੋਲਦੇ ਹੋਏ ਕੰਗਣਾਂ ਰਣੌਤ 'ਤੇ ਵੀ ਪਰਚਾ ਦਰਜ ਕਰਨ ਦੀ ਮੰਗ ਕੀਤੀ ਹੈ।ਕੁਲਵਿੰਦਰ ਕੌਰ ਨੇ ਆਪਣੇ 'ਯ' ਅਕਾਂਊਟ 'ਤੇ ਲਿਖਿਆ ਹੈ, "ਮੈਂ ਉਸ ਕਿਸਾਨ ਕੌਮ ਦੀ ਧੀ ਹਾਂ ਜਿਸਨੇ ਤਾਨਾਸ਼ਾਹੀ ਨੂੰ ਕਬਰ ਵਿੱਚੋਂ ਬਾਹਰ ਕੱਡ ਕੇ ਬਦਲਾ ਲਿਆ ਸੀ,ਜਿਸਨੇ ਜੋ ਜੋ ਕੀਤਾ ਹੈ ਉਸ ਦਾ ਅਸੀਂ ਹੀ ਨਹੀਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਬਦਲਾ ਲੈਣਗੀਆਂ।""ਮੇਰੀ ਕਿਸਾਨ ਕੌਮ ਜੋ ਆਪਣਾ ਐਮ.ਐੱਸ.ਪੀ. ਦਾ ਹੱਕ ਮੰਗ ਰਹੀ ਹੈ , ਇਹ ਥੱਪੜ ਉਸਦੀ ਯਾਦ ਦਿਵਾਉਂਦਾ ਰਹੇਗਾ।"ਥੱਪੜ ਕਾਂਡ ਮਗਰੋਂ ਕੁਲਵਿੰਦਰ ਨੂੰ ਨਕਦ ਇਨਾਮ ਅਤੇ ਨੌਕਰੀ ਦੀ ਪੇਸ਼ਕਸ਼ ਵੀ ਹੋਈ ਹੈ। ਮੁਹਾਲੀ ਦੇ ਇੱਕ ਕਾਰੋਬਾਰੀ ਵੱਲੋ ਇੱਕ ਲੱਖ ਅਤੇ ਕੈਨੇਡਾ ਦੇ ਰਹਿਣ ਵਾਲੇ ਇੱਕ ਗੁਰਸਿੱਖ ਆਦਮੀ ਵੱਲੋਂ ਪੰਜ ਲੱਖ ਰੁਪਏ ਦਾ ਇਨਾਮ ਦੇਣ ਦੀ ਗੱਲ ਕਹੀ ਗਈ ਹੈ।ਬਾਲੀਵੁੱਡ ਦੇ ਪ੍ਰਸਿੱਧ ਸੰਗੀਤਕਾਰ ਵਿਸ਼ਾਲ ਡਡਲਾਨੀ ਨੇ ਕੁਲਵਿੰਦਰ ਕੌਰ ਨੂੰ ਨੌਕਰੀ ਦੇਣ ਦਾ ਐਲਾਨ ਕੀਤਾ ਹੈ।

# ਤਾਮਿਲਨਾਡੂ ਦੀ ਵੱਡੀ ਪਾਰਟੀ ਨੇ ਕੁਲਵਿੰਦਰ ਕੌਰ ਨੂੰ ਸੋਨੇ ਨਾਲ ਸਨਮਾਨਿਤ ਕਰਨ ਦਾ ਕੀਤਾ ਐਲਾਨ



ਚੰਡੀਗੜ੍ਹ:-ਏਅਰਪੋਰਟ 'ਤੇ ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਨਵੀਂ ਚੁਣੀ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਨੂੰ ਥੱਪੜ ਮਾਰਨ ਵਾਲੀ ਸੀ.ਆਈ.ਐਸ.ਐਫ ਜਵਾਨ ਕੁਲਵਿੰਦਰ ਕੌਰ ਦੀ ਕੁਝ ਲੋਕ ਅਲੋਚਨਾ ਕਰ ਰਹੇ ਹਨ ਜਦਕਿ ਬਹੁਤ ਲੋਕ ਉਸ ਦੇ ਹੱਕ ਵਿਚ ਬੋਲ ਰਹੇ ਹਨ। ਕੁਲਵਿੰਦਰ ਨੂੰ ਪੁਲਿਸ ਹਿਰਾਸਤ 'ਚ ਲੈਣ ਤੋਂ ਬਾਅਦ ਉਸ ਦੀ ਰਿਹਾਈ ਲਈ ਜਲੂਸ ਨਿਕਲਣ ਲੱਗੇ ਸਨ। ਹੁਣ ਤਮਿਲਨਾਡੂ ਦੀ ਬਾਲਥਾਈ ਪੇਰੀਆਰ ਵਿਦਾਰ ਕੜਗਮ (ਟੀ.ਪੀ.ਡੀ.ਕੇ.) ਪਾਰਟੀ ਨੇ ਕੁਲਵਿੰਦਰ ਕੌਰ ਲਈ ਸੋਨੇ ਦੀ ਮੁੰਦਰੀ ਭੇਜਣ ਦਾ ਫੈਸਲਾ ਕੀਤਾ ਹੈ। ਇਸ ਰਿੰਗ ਨਾਲ ਪੇਰੀਆਰ ਦੀ ਫੋਟੋ ਵੀ ਲੱਗੀ ਹੋਵੇਗੀ। ਟੀਪੀਡੀਕ ਦੇ ਜਨਰਲ ਸਕੱਤਰ ਯੂ ਰਾਮਾਕ੍ਰਿਸ਼ਨਨ ਨੇ ਸ਼ਨੀਵਾਰ ਨੂੰ ਕਿਹਾ ਕਿ ਅਸੀਂ 8 ਗ੍ਰਾਮ ਸੋਨੇ ਦੀ ਮੁੰਦਰੀ ਭੇਜਣ ਦੀ ਯੋਜਨਾ ਬਣਾ ਰਹੇ ਹਾਂ। ਅਸੀਂ ਚਾਹੁੰਦੇ ਹਾਂ ਕਿ ਕਿਸਾਨਾਂ ਲਈ ਨਿਡਰ ਹੋ ਕੇ ਖੜ੍ਹਨ ਵਾਲੀ ਔਰਤ ਦਾ ਸਨਮਾਨ ਕੀਤਾ ਜਾਵੇ। ਦੱਸ ਦੇਈਏ ਕਿ ਥੱਪੜ ਮਾਰਨ ਤੋਂ ਬਾਅਦ ਕੁਲਵਿੰਦਰ ਕੌਰ ਨੇ ਖੁਦ ਕਿਹਾ ਸੀ ਕਿ ਕੰਗਨਾ ਨੇ ਧਰਨੇ 'ਤੇ ਬੈਠੇ ਕਿਸਾਨਾਂ ਲਈ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਸੀ। ਕੁਲਵਿੰਦਰ ਦੀ ਮਾਂ ਵੀ ਉਸ ਧਰਨੇ ਤੇ ਬੈਠੀ ਹੋਈ ਸੀ। ਰਾਮਕ੍ਰਿਸ਼ਨਨ ਨੇ ਕਿਹਾ, ਅਸੀਂ ਕੁਲਵਿੰਦਰ ਕੌਰ ਦੇ ਘਰ ਦੇ ਪਤੇ 'ਤੇ ਮੁੰਦਰੀ ਭੇਜ ਦੇਵਾਂਗੇ। ਜੇਕਰ ਉਹ ਕੋਰੀਅਰ ਸਵੀਕਾਰ ਨਹੀਂ ਕਰਦੀ ਹੈ, ਤਾਂ ਅਸੀਂ ਆਪਣੇ ਪਾਰਟੀ ਦਾ ਵਫਦ ਉਸਦੇ ਘਰ ਭੇਜ ਦੇਵਾਂਗੇ।


GOLDEN STAR PAINTING

ਸਾਨੂੰ ਵਰਕਰਾਂ ਦੀ ਲੋੜ ਹੈ

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*ਸ੍ਰੀ ਮਾਨ ਸੰਤ ਬਾਬਾ ਤੇਜਾ ਸਿੰਘ ਜੀ ਦੀ (ਸਲਾਨਾ ਬਰਸੀ) ਦੇ ਸਬੰਧ ਵਿਚ ਅਖੰਡਪਾਠ ਸਾਹਿਬਾਂ ਦੀ ਲੜੀ 9 ਜੂਨ ਤੋਂ ਆਰੰਭ ਹੋ ਰਹੀ ਹੈ।

*9 ਜੂਨ ਤੋਂ 11 ਜੂਨ ਤੱਕ ਪਹਿਲੇ ਅਖੰਡਪਾਠ ਸਾਹਿਬ ਦੀ ਸੇਵਾ ਗਿੱਲ ਪਰਿਵਾਰ ਵੱਲੋਂ

*11 ਜੂਨ ਤੋਂ 13 ਜੂਨ ਤੱਕ ਦੂਜੇ ਅਖੰਡਪਾਠ ਸਾਹਿਬ ਦੀ ਸੇਵਾ ਸ. ਬਲਜੀਤ ਸਿੰਘ ਤੇ ਸਮੂਹ ਪਰਿਵਾਰ ਵੱਲੋਂ ਹੋਵੇਗੀ।

*13 ਜੂਨ ਤੋਂ 15 ਜੂਨ ਤੱਕ ਤੀਜੇ ਅਖੰਡਪਾਠ ਸਾਹਿਬ ਦੀ ਸੇਵਾ ਬੀਬਾ ਪਵਿੱਤਰ ਕੌਰ , ਸ. ਗੁਰਜੰਟ ਸਿੰਘ ਖੱਟੜਾ ਪਰਿਵਾਰ ਵੱਲੋਂ ਹੋਵੇਗੀ।

*15 ਜੂਨ ਤੋਂ 17 ਜੂਨ ਤੱਕ ਸੰਗਤ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।

*17 ਜੂਨ ਤੋਂ 19 ਜੂਨ ਤੱਕ ਸਮੁੱਚੇ ਜਥੇ ਵੱਲੋਂ ਅਖੰਡਪਾਠ ਦੀ ਸੇਵਾ ਹੋਵੇਗੀ।

*19 ਜੂਨ ਤੋਂ 21 ਜੂਨ ਤੱਕ ਛੇਵੇਂ ਅਖੰਡਪਾਠ ਸਾਹਿਬ ਦੀ ਸੇਵਾ ਸ. ਰਾਜਵੀਰ ਸਿੰਘ ਢਿੱਲੋਂ ਪਰਿਵਾਰ ਵੱਲੋਂ ਹੋਵੇਗੀ।






40 ਦਿਨਾਂ ਚੌਪਹਿਰਾ ਸਾਹਿਬ ਦੀ ਸਮਾਪਤੀ ਤੇ ਸ. ਮਹਿੰਦਰ ਸਿੰਘ ਮੁੱਖ ਸੇਵਾਦਾਰ, ਹੈੱਡ ਗ੍ਰੰਥੀ ਭਾਈ ਬਚਿੱਤਰ ਸਿੰਘ ਅਤੇ ਸਮੁੱਚੀ ਸੰਗਤ ਵੱਲੋਂ ਬਾਬਾ ਜਗਜੀਤ ਸਿੰਘ ਗੁਰਨੇਕਲਾਂ ਖਾਰੇ ਵਾਲਿਆਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ

*15 ਜੂਨ ਦਿਨ ਸ਼ਨਿਚਰਵਾਰ ਸ਼ਾਮ 4 ਵਜੇ ਤੋਂ 6.30 ਵਜੇ ਤੱਕ ਸੁਖਮਨੀ ਸਾਹਿਬ ਦੀ ਪਾਠ, ਕਥਾ ਕੀਰਤਨ ਦੀ ਸੇਵਾ ਅਫਗਾਨਿਸਤਾਨੀ ਸਮੂਹ ਸੰਗਤ ਵੱਲੋਂ ਹੋਵੇਗੀ।

*15 ਜੂਨ ਦਿਨ ਸ਼ਨਿਚਰਵਾਰ ਸ਼ਾਮ 6.30 ਵਜੇ ਤੋਂ 9.30 ਵਜੇ ਤੱਕ ਕੀਰਤਨ ਦਰਬਾਰ ਵੈਨਕੂਵਰ ਯੂਥ ਕੀਰਤਨੀ ਜਥੇ ਵੱਲੋਂ ਹੋਵੇਗਾ।

*16 ਜੂਨ ਦਿਨ ਐਤਵਾਰ ਹਫਤਾਵਾਰੀ ਦੀਵਾਨ ਸਵੇਰ 9 ਵਜੇ ਤੋਂ ਦੁਪਹਿਰ 12.30 ਵਜੇ ਤੱਕ ਸਜਣਗੇ।

16 ਜੂਨ ਤੋਂ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਚੌਪਹਿਰਾ ਸਾਹਿਬ ਹੋਣਗੇ

ਸ੍ਰੀ ਮਾਨ ਸੰਤ ਬਾਬਾ ਤੇਜਾ ਸਿੰਘ ਜੀ ਮਹਾਰਾਜ ਜੀ ਦੀ ਸਾਲਾਨਾ ਬਰਸੀ ਦੇ ਸਬੰਧ ਵਿਚ 9 ਜੂਨ 2024 ਤੋਂ 1 ਜੁਲਾਈ 2024 ਤੱਕ ਸ੍ਰੀ ਅਖੰਡਪਾਠ ਸਾਹਿਬ ਦੀ ਲੜੀ ਆਰੰਭ ਹੋਵੇਗੀ। ਅਖੰਡਪਾਠ ਸਾਹਿਬ ਦੀ ਸੇਵਾ ਲੈਣ ਲਈ ਗੁਰੂਘਰ ਨਾਲ ਸੰਪਰਕ ਕਰੋ ਜੀ।

| ਰਾਗੀ ਜੱਥੇ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ<br>ਭਾਈ ਨਿਰਮਲਜੀਤ ਸਿੰਘ ਖਾਲਸਾ<br>ਫਿਰੋਜਪੁਰ ਵਾਲੇ | ਬਾਬਾ ਜਗਜੀਤ ਸਿੰਘ ਜੀ (ਖਾਰੇ ਵਾਲੇ)<br>ਭਾਈ ਰਾਜਪਾਲ ਸਿੰਘ ਜੀ ਬੋਪਾਰਾਏ | 604-413-7171 |

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼

5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ

6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ

8-8:30 ਵਜੇ ਤੱਕ: ਕਥਾ ਹੁਕਮਨਾਮਾ

8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ

6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਕੁਲਵਿੰਦਰ ਕੌਰ ਦੇ ਹੱਕ 'ਚ ਨਿੱਤਰੇ ਸਿੱਖਸ ਆਫ਼ ਅਮਰੀਕਾ ਦੇ ਚੇਅਰਮੈਨ 'ਜੱਸੀ'



ਵਾਸ਼ਿੰਗਟਨ- ਉੱਘੇ ਸਿੱਖ ਆਗੂ ਅਤੇ ਸਿੱਖਸ ਆਫ ਅਮੇਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਇਕ ਵੱਡਾ ਬਿਆਨ ਦਿੱਤਾ। ਆਪਣੇ ਬਿਆਨ ਵਿਚ ਜਸਦੀਪ ਸਿੰਘ ਨੇ ਕਿਹਾ ਕਿ ਉਹ ਵਿਵਾਦਿਤ ਅਦਾਕਾਰਾ ਅਤੇ ਮੈਂਬਰ ਪਾਰਲੀਮੈਂਟ ਕੰਗਣਾ ਰਣੌਤ ਦਾ ਵਿਰੋਧ ਕਰਨ ਵਾਲੀ ਮਹਿਲਾ ਕਾਂਸਟੇਬਲ ਕੁਲਵਿੰਦਰ ਕੌਰ ਦੇ ਨਾਲ ਹਨ ਅਤੇ ਜੇਕਰ ਉਸਨੂੰ ਕੋਈ ਵੀ ਆਰਥਿਕ ਜਾਂ ਕਾਨੂੰਨੀ ਚਾਰਾਜੋਈ ਦੀ ਲੋੜ ਪੈਂਦੀ ਹੈ, ਤਾਂ ਉਹ ਉਸ ਨੂੰ ਮੁਹੱਈਆ ਕਰਵਾਉਣਗੇ। ਉਨ੍ਹਾਂ ਕਿਹਾ ਕਿ ਬੀ.ਜੇ.ਪੀ. ਲੀਡਰਸ਼ਿਪ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਗੂਆਂ ਨੂੰ ਭੜਕਾਊ ਬਿਆਨ ਦੇਣ ਤੋਂ ਰੋਕੇ। ਉਨ੍ਹਾਂ ਕਿਹਾ ਕਿ ਕੰਗਣਾ ਰਣੌਤ ਹਮੇਸ਼ਾ ਹੀ ਪੰਜਾਬ ਅਤੇ ਪੰਜਾਬੀਅਤ ਦੇ ਖਿਲਾਫ਼ ਬਿਆਨ ਦਿੰਦੀ ਹੈ। ਹੁਣ ਵੀ ਉਸ ਨੇ ਏਅਰਪੋਰਟ ਵਿਵਾਦ ਤੋਂ ਬਾਅਦ ਵਿਵਾਦਿਤ ਬਿਆਨ ਦਿੱਤਾ ਹੈ ਕਿ ਪੰਜਾਬ ਵਿਚ ਅੱਤਵਾਦ ਆ ਸਕਦਾ ਹੈ।ਜੱਸੀ ਨੇ ਕਿਹਾ ਕਿ ਜੇਕਰ ਕਿਸੇ ਵਰਗ ਦੀਆਂ ਵੀ ਭਾਵਨਾਵਾਂ ਨੂੰ ਛੇੜਾਂਗੇ, ਤਾਂ ਉਸਦਾ ਨਤੀਜਾ ਤਾਂ ਬੁਰਾ ਹੀ ਹੋਵੇਗਾ। ਕੰਗਣਾ ਰਣੌਤ ਨੂੰ ਚਾਹੀਦਾ ਹੈ ਕਿ ਉਹ ਆਪਸੀ ਭਾਈਚਾਰਕ ਸਾਂਝ ਦਾ ਸੰਦੇਸ਼ ਦੇਵੇ, ਪੰਜਾਬੀ ਵੀ ਭਾਰਤ ਦਾ ਹਿੱਸਾ ਹੈ ਅਤੇ ਉਹ ਵੀ ਭਾਰਤ ਦੀ ਤਰੱਕੀ ਵਿਚ ਵਡੇਰਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਨਾਲ ਬੇਗਾਨਿਆਂ ਵਰਗਾ ਵਰਤਾਉ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਭਾਵੇਂ ਉਹ ਹੱਥੋਪਾਈ ਦੇ ਹੱਕ ਵਿਚ ਨਹੀਂ ਹਨ ਪਰ ਕਈ ਵਾਰ ਭਾਵਨਾਵਾਂ ਦੇ ਵਹਿਣ 'ਚ ਵਹਿ ਕੇ ਅਜਿਹਾ ਹੋ ਜਾਂਦਾ ਹੈ। ਸੋ ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਜ਼ੁਬਾਨ ਨੂੰ ਕਾਬੂ ਵਿਚ ਰੱਖਣ ਅਤੇ ਕਿਸੇ ਦਾ ਦਿਲ ਦੁਖਾਉਣ ਵਾਲੇ ਬਿਆਨ ਨਾ ਦੇਣ। ਸਗੋਂ ਦੇਸ਼, ਕੌਮ ਅਤੇ ਸਮਾਜ ਦੇ ਭਲੇ ਲਈ ਜ਼ੁਬਾਨ ਦੀ ਵਰਤੋਂ ਕਰਨ। ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਸਿਆਸੀ ਆਗੂਆਂ ਨੂੰ ਕਾਫ਼ੀ ਕੁਝ ਸਿੱਖਣਾ ਚਾਹੀਦਾ ਹੈ ਕਿ ਲੋਕ ਉਨ੍ਹਾਂ ਦੇ ਮੂੰਹ 'ਚੋਂ ਨਿਕਲੇ ਸ਼ਬਦਾਂ ਨੂੰ ਕਿਵੇਂ ਦਿਲ 'ਤੇ ਲਗਾ ਲੈਂਦੇ ਹਨ। ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੱਕ ਇਹ ਗੱਲ ਪਹੁੰਚਾਵਾਂਗੇ ਕਿ ਭਾਵੇਂ ਕੰਗਣਾ ਰਣੌਤ ਇਕ ਸੀਟ ਜਿੱਤ ਗਈ ਹੈ ਪਰ ਉਹ ਬੀ.ਜੇ.ਪੀ. ਨੂੰ ਕਈ ਸੀਟਾਂ ਹਰਾਉਣ ਦਾ ਕਾਰਨ ਵੀ ਬਣੀ ਹੈ। ਸੋ ਇਹੋ ਜਿਹੇ ਵਿਵਾਦਿਤ ਅਤੇ ਭੜਕਾਊ ਬਿਆਨ ਦੇਣ ਵਾਲੇ ਆਗੂਆਂ ਨੂੰ ਟਿਕਟਾਂ ਨਾ ਦਿੱਤੀਆਂ ਜਾਣ।

# ਸਿੱਖ ਆਗੂ ਰਣਜੀਤ ਸਿੰਘ ਖਾਲਸਾ ਵੱਲੋਂ ਕੁਲਵਿੰਦਰ ਕੌਰ ਨੂੰ 5 ਲੱਖ ਦੇ ਇਨਾਮ ਦਾ ਐਲਾਨ



ਸਰੀ (ਕੈਨੇਡਾ) - ਸਥਾਨਕ ਸਿੱਖ ਆਗੂ ਸ. ਰਣਜੀਤ ਸਿੰਘ ਖਾਲਸਾ ਨੇ ਚੰਡੀਗੜ੍ਹ ਹਵਾਈ ਅੱਡੇ ਤੇ ਸਿੱਖ ਕੌਮ ਦੀ ਦੋਖੀ ਨਵੀਂ ਚੁਣੀ ਗਈ ਭਾਜਪਾ ਮੈਂਬਰ ਪਾਰਲੀਮੈਂਟ ਤੇ ਅਦਾਕਾਰਾ ਕੰਗਨਾ ਰਣੌਤ 'ਤੇ ਇੱਕ ਸੁਰੱਖਿਆ ਅਧਿਕਾਰੀ ਵੱਲੋਂ ਕੀਤੇ ਹਮਲੇ ਨੂੰ ਜਾਇਜ਼ ਦੱਸਦਿਆਂ ਹਮਲਾਵਰ ਛੀਸ਼ਫ ਸਿਪਾਹੀ ਕੁਲਵਿੰਦਰ ਕੌਰ ਨੂੰ ਮਹਾਨ ਸਿੱਖ ਯੋਧਾ ਔਰਤ ਮਾਈ ਭਾਗ ਕੌਰ ਦੀ ਅਸਲ ਵਾਰਸ ਕਰਾਰ ਦਿੱਤਾ ਹੈ।ਖਾਲਸਾ ਨੇ ਕਿਹਾ ਕਿ ਕੰਗਨਾ ਰਣੌਤ ਨੇ ਬੀਤੇ ਦਿਨੀਂ ਭਾਜਪਾ ਦੀ ਸ਼ਹਿ 'ਤੇ ਸਿੱਖ ਕੌਮ ਅਤੇ ਸੰਘਰਸ਼ੀਲ ਕਿਸਾਨਾਂ ਖ਼ਿਲਾਫ਼ ਬਹੁਤ ਜ਼ਹਿਰ ਉਗਲਿਆ ਸੀ।ਏਥੇ ਹੀ ਬੱਸ ਨਹੀਂ ਇਸ ਮੂੰਹ ਫੱਟ ਅਦਾਕਾਰਾ ਨੇ ਆਪਣੇ ਆਕਾਵਾਂ ਨੂੰ ਖੁਸ਼ ਕਰਨ ਲਈ ਸਿੱਖ ਬੀਬੀਆਂ ਖ਼ਿਲਾਫ਼ ਵੀ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਸੀ। ਖਾਲਸਾ ਨੇ ਕਿਹਾ ਕਿ ਕੰਗਨਾ ਰਣੌਤ ਅਜਿਹਾ ਕਰਦਿਆਂ ਸ਼ਾਇਦ ਭੁੱਲ ਗਈ ਸੀ ਕਿ ਉਸਦਾ ਵਾਹ ਵਾਸਤਾ ਕਿਸ ਕੌਮ ਨਾਲ ਪੈ ਰਿਹਾ ਹੈ।ਕੁਲਵਿੰਦਰ ਕੌਰ ਨੇ ਕੰਗਨਾ ਰਣੌਤ ਨੂੰ ਥੱਪੜ ਦਾ ਪ੍ਰਸਾਦ ਦੇਕੇ ਸਿੱਖ ਕੌਮ ਅਤੇ ਸਿੱਖੀ ਰਵਾਇਤਾਂ ਦੀ ਲਾਜ ਰੱਖੀ ਹੈ।ਉਹ ਹੁਣ ਸਿਰਫ਼ ਛੀਸ਼ਫ ਦੀ ਮੁਅੱਤਲ ਸਿਪਾਹੀ ਹੀ ਨਹੀਂ ਰਹੀ ਸਗੋਂ ਪੂਰੀ ਸਿੱਖ ਕੌਮ ਦੀ ਧੀ ਬਣ ਗਈ ਹੈ।ਖਾਲਸਾ ਨੇ ਕੁਲਵਿੰਦਰ ਕੌਰ ਨੂੰ 5 ਲੱਖ ਦਾ ਫੌਰੀ ਇਨਾਮ ਤੋਂ ਇਲਾਵਾ ਸੇਵਾ ਮੁਕਤੀ ਤੱਕ ਉਸਦੀ ਬਣਦੀ ਪੂਰੀ ਤਨਖਾਹ ਅਤੇ ਹੋਰ ਲਾਭ ਦੇਣ ਦਾ ਐਲਾਨ ਕੀਤਾ ਹੈ।ਇਹਨਾਂ ਨੇ ਕਿਹਾ ਕਿ ਅਜਿਹੀ ਦਲੇਰ ਸਿੱਖ ਧੀ ਦੀ ਉਮਰ ਆਰਥਿਕ ਅਤੇ ਹੋਰ ਸੁਰੱਖਿਆ ਹੁਣ ਕੌਮ ਦੀ ਜ਼ਿੰਮੇਵਾਰੀ ਬਣ ਗਈ ਹੈ। ਉਨ੍ਹਾਂ ਸਮੂਹ ਧਨਾਢ ਸਿੱਖਾਂ, ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਅਪੀਲ ਕੀਤੀ ਕਿ ਉਹ ਕੁਲਵਿੰਦਰ ਕੌਰ ਦੀ ਹੌਂਸਲਾ ਅਫ਼ਜ਼ਾਈ ਲਈ ਉਸਦੇ ਭਵਿੱਖ ਦੀ ਹਰ ਜ਼ਿੰਮੇਵਾਰੀ ਨੂੰ ਆਪਣੇ ਮੋਢਿਆਂ 'ਤੇ ਲੈਣ।ਉਨ੍ਹਾਂ ਨੇ ਕਿਹਾ ਕਿ ਜਦੋਂ ਸੰਭਵ ਹੋਇਆ ਕੁਲਵਿੰਦਰ ਕੌਰ ਨੂੰ ਸਿੱਖ ਮੰਚ ਤੇ ਸਨਮਾਨਿਤ ਵੀ ਕੀਤਾ ਜਾਵੇਗਾ। ਖਾਲਸਾ ਨੇ ਕੁਲਵਿੰਦਰ ਕੌਰ ਦੀ ਮਦਦ ਲਈ ਅੱਗੇ ਆਈਆਂ ਕਾਨੂੰਨੀ ਸਖਸ਼ੀਅਤਾਂ ਤੇ ਸੰਸਥਾਵਾਂ ਦਾ ਵੀ ਧੰਨਵਾਦ ਕੀਤਾ ਹੈ।


SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



TMG LOGISTICS INC.

Need Owner Operators

NOW HIRING

*Vancouver to California *California to Alberta Back Vancouver

*Vancouver to East USA Return

Good Paying Loads



Need Company Drivers

*Single Driver Pay 52cents/mile*

*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਕੁਵੈਤ ’ਚ ਇਮਾਰਤ ਨੂੰ ਅੱਗ ਲੱਗਣ ਕਾਰਨ 49 ਮੌਤਾਂ, ਮ੍ਰਿਤਕਾਂ ’ਚ 42 ਭਾਰਤੀ ਨਾਗਰਿਕ ਸ਼ਾਮਲ

ਦੁਬਈ:ਕੁਵੈਤ ਵਿੱਚ 6 ਮੰਜ਼ਿਲਾ ਇਮਾਰਤ ਨੂੰ ਭਿਆਨਕ ਅੱਗ ਲੱਗਣ ਕਾਰਨ 42 ਭਾਰਤੀਆਂ ਸਣੇ 49 ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ 50 ਤੋਂ ਵੱਧ ਵਿਅਕਤੀ ਜ਼ਖ਼ਮੀ ਦੱਸੇ ਜਾਂਦੇ ਹਨ।ਬਹੁਤੀਆਂ ਮੌਤਾਂ ਧੂੰਏ ਕਰਕੇ ਦਮ ਘੁੱਟਣ ਨਾਲ ਹੋਈਆਂ। ਮਰਨ ਵਾਲੇ ਹੋਰ ਵਿਅਕਤੀ ਪਾਕਿਸਤਾਨ, ਫਿਲੀਪੀਨਜ਼, ਮਿਸਰ ਤੇ ਨੇਪਾਲ ਦੇ ਨਾਗਰਿਕ ਦੱਸੇ ਜਾਂਦੇ ਹਨ।ਇਮਾਰਤ ਵਿਚ ਜਦੋਂ ਅੱਗ ਲੱਗੀ ਉਦੋਂ ਇਸ ਵਿਚ ਮੌਜੂਦ ਜ਼ਿਆਦਾਤਰ ਵਿਅਕਤੀ ਸੌਂ ਰਹੇ ਸਨ। ਅਧਿਕਾਰੀਆਂ ਨੇ ਦੱਸਿਆ ਕਿ ਬੁੱਧਵਾਰ ਤੜਕੇ ਕੁਵੈਤ ਦੇ ਦੱਖਣੀ ਅਹਿਮਦੀ ਗਵਰਨੋਰੇਟ ਦੇ ਮੰਗਾਫ ਖੇਤਰ ਵਿੱਚ ਛੇ ਮੰਜ਼ਿਲਾ ਇਮਾਰਤ ਦੀ ਰਸੋਈ ਵਿੱਚ ਅੱਗ ਲੱਗ ਗਈ। ਇਸ ਤੋਂ ਬਾਅਦ ਇਹ ਫ਼ੈਲ ਗਈ। ਇਮਾਰਤ ਵਿਚ ਲਗਪਗ 160 ਲੋਕ ਰਹਿੰਦੇ ਸਨ, ਜੋ ਉਸੇ ਕੰਪਨੀ ਦੇ ਕਰਮਚਾਰੀ ਹਨ। ਇਨ੍ਹਾਂ ਵਿੱਚ ਬਹੁਤ ਸਾਰੇ ਕਰਮਚਾਰੀ ਭਾਰਤੀ ਸਨ।


A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ



- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ






ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

**A to Z DRIVING SCHOOL**

Lucky: **604-614-5365**

Unit 15 - 8388 128 St., Surrey

ਮਨ ਮਨੁੱਖ ਦੀ ਕੁੰਜੀ ਹੈ    Mind is the key to the man.

NATURAL **HOMEOPATHIC** SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more



"Homeopath R S Saini receiving International Award"

Director, West coast Homeopathic Society of Canada

We Have Effective New Medicines Based On Latest Research For The Cure Of:
- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases

Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੱ

**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

**PACIFIC NURSERIES**

**ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਵਿਕਾਊ**



*Blueberry (Duke) Plants FOR SALE
*Certified Imported from USA
*Potted in One Gallon Pots
*High Quality & Healty Plants
*Limited Quantity
*Will Be Ready to Plant in September

*Cedar Hedging Plants FOR SALE
*Potted in One Gallon
*Very Healty & High Quality
*Will be Ready to Plant in September

ONLY FOR WHOLESALERS

TO BOOK YOUR ORDER CONTACT:

**778-552-0305**

# ਜੂਨ 1984 ਘੱਲੂਘਾਰੇ ਦੇ ਆਖ਼ਰੀ ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਦਾ ਸ਼ਹੀਦੀ ਸਮਾਗਮ ਖ਼ਾਲਸਾਈ ਸ਼ਾਨੋ-ਸ਼ੌਕਤ ਨਾਲ ਕਰਵਾਇਆ

# ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਅਰੰਭਿਆ ਸੰਘਰਸ਼ ਅੱਜ ਵੀ ਜਾਰੀ:ਪੰਥਕ ਆਗੂ

ਅੰਮ੍ਰਿਤਸਰ:ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਜੂਝਣ ਵਾਲੇ ਜੂਨ 1984 ਘੱਲੂਘਾਰੇ ਦੇ ਆਖ਼ਰੀ ਸ਼ਹੀਦ ਭਾਈ ਮੇਜਰ ਸਿੰਘ ਜੀ ਨਾਗੋਕੇ ਦਾ 40ਵਾਂ ਸ਼ਹੀਦੀ ਦਿਹਾੜਾ ਉਹਨਾਂ ਦੇ ਪਰਿਵਾਰ ਵੱਲੋਂ ਪਿੰਡ ਨਾਗੋਕੇ, ਨੇੜੇ ਸ੍ਰੀ ਖਡੂਰ ਸਾਹਿਬ, ਜ਼ਿਲ੍ਹਾ ਤਰਨ ਤਾਰਨ ਵਿਖੇ ਖ਼ਾਲਸਾਈ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪੰਥਕ ਸ਼ਖਸੀਅਤਾਂ ਸਿੰਘ ਸਾਹਿਬ ਸੰਤ ਬਾਬਾ ਰਾਮ ਸਿੰਘ ਜੀ ਖ਼ਾਲਸਾ ਦਮਦਮੀ ਟਕਸਾਲ ਸੰਗਰਾਵਾਂ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਸ. ਈਮਾਨ ਸਿੰਘ ਮਾਨ, ਖ਼ਾਲਿਸਤਾਨੀ ਚਿੰਤਕ ਸ. ਸਰਬਜੀਤ ਸਿੰਘ ਘੁਮਾਣ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸ. ਉਪਕਾਰ ਸਿੰਘ ਸੰਧੂ, ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਸਲਾਹਕਾਰ ਬਾਬਾ ਸੱਜਣ ਸਿੰਘ ਵਾੜਾ ਸ਼ੇਰ ਸਿੰਘ ਵਾਲਾ, ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਸ. ਤਰਸੇਮ ਸਿੰਘ ਆਦਿ ਨੇ ਸਿੱਖ ਸੰਘਰਸ਼ ਸੰਬੰਧੀ ਵਿਚਾਰ ਸਾਂਝੇ ਕੀਤੇ ਤੇ ਅਨੇਕਾਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ।

ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਦੇ ਸਪੁੱਤਰ ਭਾਈ ਕੁਲਦੀਪ ਸਿੰਘ ਨਾਗੋਕੇ ਨੇ ਸਭ ਸੰਗਤਾਂ ਦਾ ਧੰਨਵਾਦ ਕੀਤਾ। ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਲਿਖੀ ਤਵਾਰੀਖ ਸ਼ਹੀਦ ਏ ਖਾਲਿਸਤਾਨ ਭਾਗ ਤੀਜਾ ਕਿਤਾਬ ਵੀ ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਦੇ ਸਪੁੱਤਰ ਭਾਈ ਕੁਲਦੀਪ ਸਿੰਘ ਨਾਗੋਕੇ ਨੂੰ ਭੇਟ ਕੀਤੀ ਗਈ ਜਿਸ ਵਿੱਚ ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਦੀ ਜੀਵਨੀ ਵੀ ਛਪੀ ਸੀ। ਇਸ ਮੌਕੇ ਸਿੰਘ ਸਾਹਿਬ ਬਾਬਾ ਰਾਮ ਸਿੰਘ ਜੀ ਦਮਦਮੀ ਟਕਸਾਲ ਸੰਗਰਾਵਾਂ ਨੇ ਕਿਹਾ ਕਿ ਸਿੱਖ ਕੌਮ ਇਸ ਸਮੇਂ ਕਈ ਧੜਿਆਂ ਵਿੱਚ ਵੰਡੀ ਜਾ ਚੁੱਕੀ ਹੈ, ਸਭ ਨੇ ਆਪੋ ਆਪਣੀ ਮਰਯਾਦਾ ਅਤੇ ਸ਼ਹੀਦ ਵੀ ਵੰਡ ਲਏ ਹਨ। ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹ ਹੋਵੇਗੀ ਕਿ ਅਸੀਂ ਬਾਣੀ ਬਾਣੇ ਦੇ ਧਾਰਨੀ ਅਤੇ ਇਕਮੁੱਠ ਹੋਈਏ। ਉਹਨਾਂ ਕਿਹਾ ਕਿ ਘੱਲੂਘਾਰਾ ਵਾਪਰਨ ਵਿੱਚ ਅਖੌਤੀ ਅਕਾਲੀਆਂ ਦਾ ਵੀ ਵੱਡਾ ਹੱਥ ਸੀ ਜਿਨਾਂ ਨੂੰ ਮਾਫ ਨਹੀਂ ਕੀਤਾ ਜਾ ਸਕਦਾ। ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਰੂਹਾਨੀ ਅਤੇ ਜਰਨੈਲੀ ਸ਼ਖਸ਼ੀਅਤ ਸਨ ਉਹਨਾਂ ਨੂੰ ਸਮੇਂ ਦੀਆਂ ਸਰਕਾਰਾਂ ਵੱਲੋਂ ਬਦਨਾਮ ਕੀਤਾ ਗਿਆ। ਇੰਦਰਾ ਗਾਂਧੀ ਨੂੰ ਕਈ ਸਰਕਾਰੀ ਅਧਿਕਾਰੀਆਂ ਨੇ ਕਿਹਾ ਕਿ ਉਹ ਦਰਬਾਰ ਸਾਹਿਬ ਉੱਤੇ ਹਮਲਾ ਨਾ ਕਰੇ ਪਰ ਫਿਰ ਵੀ ਉਸ ਨੇ ਰਾਜ ਦੇ ਨਸ਼ੇ ਵਿੱਚ ਇਹ ਪਾਪ ਕੀਤਾ। ਉਹਨਾਂ ਕਿਹਾ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਆਰੰਭਿਆ ਸੰਘਰਸ਼ ਅੱਜ ਵੀ ਜਾਰੀ ਹੈ। ਖਾਲਿਸਤਾਨੀ ਚਿੰਤਕ ਭਾਈ ਸਰਬਜੀਤ ਸਿੰਘ ਘੁਮਾਣ ਨੇ ਕਿਹਾ ਕਿ ਸਿੱਖਾਂ ਨੂੰ ਸਿੱਖੀ ਤੋਂ ਬਾਗੀ ਕਰਨ ਲਈ ਹਕੂਮਤ ਵੱਲੋਂ ਹਰ ਹਰਬਾ ਵਰਤਿਆ ਜਾ ਰਿਹਾ ਹੈ ਜਿਸ ਦੇ ਮੁਕਾਬਲੇ ਲਈ ਸਿੱਖਾਂ ਨੂੰ ਸਿੱਖੀ ਵਿੱਚ ਪਰਪੱਕ ਹੋਣ ਦੀ ਲੋੜ ਹੈ, ਅਸੀਂ ਆਪਣੇ ਬੱਚਿਆਂ ਨੂੰ ਅਮੀਰ ਵਿਰਸੇ ਤੋਂ ਜਾਣੂ ਕਰਵਾਈਏ ਅਤੇ ਸ਼ਹੀਦਾਂ ਦੇ ਨਿਸ਼ਾਨੇ ਖਾਲਿਸਤਾਨ ਪ੍ਰਤੀ ਸੰਘਰਸ਼ਸ਼ੀਲ ਹੋਈਏ। ਫੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸਿੱਖ ਕੌਮ ਸ਼ਹੀਦਾਂ ਦੀ ਕੌਮ ਹੈ, ਸਿੱਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ ਤੇ ਨਾਗੋਕੇ ਪਿੰਡ ਸ਼ਹੀਦਾਂ ਦਾ ਪਿੰਡ ਹੈ, ਇਸ ਪਿੰਡ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਆਰੰਭੇ ਸੰਘਰਸ਼ ਵਿੱਚ ਵੱਡਾ ਯੋਗਦਾਨ ਪਾਇਆ ਹੈ, ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਜੋ 10 ਜੂਨ ਤੱਕ ਜੂਝਦੇ ਰਹੇ ਸਨ ਉਹਨਾਂ ਨੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਤੇ ਵੀ ਹਮਲਾ ਕੀਤਾ ਅਤੇ ਅਨੇਕਾਂ ਭਾਰਤੀ ਫੌਜਾਂ ਦੇ ਸੱਥਰ ਵਿਛਾਏ ਸਨ। ਸਰਦਾਰ ਤਰਸੇਮ ਸਿੰਘ ਨੇ ਕਿਹਾ ਕਿ ਮੇਰੇ ਬੇਟੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਜਿਤਾਅ ਕੇ ਸਿੱਖ ਸੰਗਤਾਂ ਨੇ ਹਕੂਮਤ ਦੇ ਮੂੰਹ ਉੱਤੇ ਕਰਾਰੀ ਚਪੇੜ ਮਾਰੀ ਹੈ।



## ਵਿਰੋਧ ਮਗਰੋਂ ਲੰਡਨ ਵਿਖੇ ਪੁਰਾਤਨ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਨਿਲਾਮੀ ਰੁਕੀ

ਲੰਡਨ -ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਦੀ ਲੰਡਨ ਵਿਚ ਹੋਣ ਵਾਲੀ ਨਿਲਾਮੀ ਰੋਕਣ ਲਈ ਸਿੱਖ ਭਾਈਚਾਰੇ ਵੱਲੋਂ ਇਕ ਪਟੀਸ਼ਨ ਦਾਇਰ ਕੀਤੀ ਗਈ ਸੀ ਜਿਸ ਤੋਂ ਬਾਅਦ ਹੁਣ ਲੰਡਨ ਸਥਿਤ ਨਿਲਾਮੀ ਘਰ ਨੇ ਮੁਆਫ਼ੀ ਮੰਗੀ ਤੇ ਕਿਹਾ ਕਿ ਇਸ ਨਾਲ ਸਬੰਧਿਤ ਦਸਤਾਵੇਜ਼ਾਂ ਨੂੰ ਹਟਾ ਦਿੱਤਾ ਗਿਆ ਹੈ।ਯੂਨਾਈਟਡ ਸਿੱਖਜ਼ ਦੀ ਅੰਤਰਰਾਸ਼ਟਰੀ ਕਾਨੂੰਨੀ ਡਾਇਰੈਕਟਰ ਮਨਜਿੰਦਰ ਕੌਰ ਵੱਲੋਂ ਦਾਇਕ ਇਸ ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਲੰਡਨ ਵਿਚ ਸਥਿਤ ਰੋਜ਼ਬਰੀਸ ਫਾਈਨ ਆਰਟ ਨਿਲਾਮੀ ਘਰ ਵੱਲੋਂ 19 ਜੂਨ 2024 ਨੂੰ ਸੰਨ 1850 ਦੇ ਕਰੀਬ ਹੱਥ ਲਿਖਤ ਸਰੂਪਾਂ ਦੇ 1213 ਤੋਂ 1215 ਤੱਕ ਦੇ ਵੱਡ ਅਕਾਰੀ ਅੰਗ, ਇਸ ਤੋਂ ਇਲਾਵਾ ਅੰਗ ਨੰਬਰ 940 ਗੁਰਬਾਣੀ ਸਟੀਕ ਨਿਲਾਮ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ 20ਵੀਂ ਸਦੀ ਇਕ ਛੋਟੇ ਸਰੂਪ ਦੇ 15 ਅੰਗ, ਜਨਮ ਸਾਖੀ ਅਤੇ ਹੋਰ ਗੁਰਬਾਣੀ ਨਾਲ ਜੁੜੇ ਦਸਤਾਵੇਜ਼ ਨਿਲਾਮ ਕੀਤੇ ਜਾ ਰਹੇ ਹਨ। ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਗੁਰੂ ਹਨ, ਗੁਰਬਾਣੀ ਦਾ ਹਰ ਸਿੱਖ ਦੇ ਜੀਵਨ ਵਿੱਚ ਬਹੁਤ ਵੱਡਾ ਮਹੱਤਵ ਹੈ। ਗੁਰਬਾਣੀ ਦੀ ਇਸ ਤਰ੍ਹਾਂ ਨਿਲਾਮੀ ਹੋਣਾ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਹੈ, ਜਿਸ ਨੂੰ ਸਿੱਖ ਬਰਦਾਸ਼ਤ ਨਹੀਂ ਕਰ ਸਕਦੇ।ਪਟੀਸ਼ਨਕਰਤਾ ਨੇ ਮੰਗ ਕੀਤੀ ਸੀ ਕਿ ਨਿਲਾਮੀ ਘਰ ਨੂੰ ਗੁਰਬਾਣੀ ਨਾਲ ਜੁੜੇ ਹਰ ਦਸਤਾਵੇਜ਼ ਨੂੰ ਤੁਰੰਤ ਨਿਲਾਮੀ ਤੋਂ ਹਟਾਉਣੇ ਚਾਹੀਦੇ ਹਨ। ਧਾਰਮਿਕ ਗ੍ਰੰਥਾਂ ਦੀ ਪਵਿੱਤਰਤਾ ਅਤੇ ਸੱਭਿਆਚਾਰਕ ਸੰਵੇਦਨਸ਼ੀਲਤਾ ਨੂੰ ਸਵੀਕਾਰ ਕਰਦਿਆਂ, ਕਦੇ ਵੀ ਧਾਰਮਿਕ ਗ੍ਰੰਥਾਂ ਦੀ ਨਿਲਾਮੀ ਨਾ ਕਰਨ ਲਈ ਵਚਨਬੱਧ ਹੋਣਾ ਚਾਹੀਦਾ ਹੈ। ਗੁਰਬਾਣੀ ਅਤੇ ਬਿਰਧ ਸਰੂਪਾਂ ਨੂੰ ਸਿੱਖਾਂ ਦੇ ਹਵਾਲੇ ਕਰਨ ਲਈ ਵਿਚੋਲਗੀ ਕਰਨ ਦੀ ਮੰਗ ਵੀ ਕੀਤੀ ਸੀ।ਇਸ ਦੇ ਨਾਲ ਹੀ ਆਸ ਪ੍ਰਗਟ ਕੀਤੀ ਹੈ ਕਿ ਨਿਲਾਮੀ ਘਰ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਅੱਗੋਂ ਕੋਈ ਵੀ ਅਜਿਹਾ ਕਰਨ ਤੋਂ ਗੁਰੇਜ਼ ਕਰੇਗਾ। ਜਿਸ ਤੋਂ ਬਾਅਦ ਜਿੱਥੇ ਵੱਡੀ ਗਿਣਤੀ ਵਿੱਚ ਸਿੱਖਾਂ ਨੇ ਪਟੀਸ਼ਨ 'ਤੇ ਦਸਤਖ਼ਤ ਕੀਤੇ, ਉੱਥੇ ਹੀ ਸੰਬੰਧਿਤ ਨਿਲਾਮੀ ਘਰ ਨਾਲ ਸੰਪਰਕ ਕੀਤਾ ਗਿਆ, ਜਿਸ ਤੋਂ ਬਾਅਦ ਉਕਤ ਸਾਰੇ ਦਸਤਾਵੇਜ਼ਾਂ ਨੂੰ ਨਿਲਾਮ ਹੋਣ ਤੋਂ ਰੋਕ ਦਿੱਤਾ ਗਿਆ ਹੈ।

## ਅਗਲੇ ਸਾਲ ਭਾਰਤ ਕਰੇਗਾ ਵਿਸ਼ਵ ਕੱਪ ਹਾਕੀ-ਜੂਨੀਅਰ ਦੀ ਮੇਜ਼ਬਾਨੀ

ਲੁਸਾਨ(ਸਵਿਟਜ਼ਰਲੈਂਡ),ਕੌਮਾਂਤਰੀ ਹਾਕੀ ਫੈਡਰੇਸ਼ਨ ਦੇ ਕਾਰਜਕਾਰੀ ਬੋਰਡ ਨੇ ਐਲਾਨ ਕੀਤਾ ਕਿ ਭਾਰਤ ਅਗਲੇ ਸਾਲ ਪੁਰਸ਼ਾਂ ਦੇ ਜੂਨੀਅਰ ਹਾਕੀ ਵਿਸ਼ਵ ਕੱਪ ਦੀ ਮੇਜ਼ਬਾਨੀ ਕਰੇਗਾ।ਨੌਂ ਸਾਲਾਂ ਬਾਅਦ ਇਹ ਟੂਰਨਾਮੈਂਟ ਭਾਰਤ ਵਿੱਚ ਹੋ ਰਿਹਾ ਹੈ।ਟੂਰਨਾਮੈਂਟ ਦਸੰਬਰ ਵਿੱਚ ਹੋਵੇਗਾ ਅਤੇ ਇਹ ਪਹਿਲੀ ਵਾਰ ਹੋਵੇਗਾ ਜਦੋਂ ਹਾਕੀ ਜੂਨੀਅਰ ਵਿਸ਼ਵ ਕੱਪ ਵਿੱਚ 24 ਟੀਮਾਂ ਸ਼ਾਮਲ ਹੋਣਗੀਆਂ। ਇਹ ਐਲਾਨ ਫੈਡਰੇਸ਼ਨ ਦੇ ਪ੍ਰਧਾਨ ਤਯੱਬ ਇਕਰਾਮ ਨੇ ਕੀਤਾ।




ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ

## 12885-85Ave. Surrey, BC V3W 0K8 Canada






# ਹਫਤਾਵਾਰੀ ਪ੍ਰੋਗਰਾਮ

*14 ਜੂਨ ਸ਼ੁੱਕਰਵਾਰ 4 ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ:
1) ਭਾਈ ਹਰਵਿੰਦਰ ਸਿੰਘ ਬਦੇਸ਼ਾ 2) ਭਾਈ ਮਹਿੰਦਰ ਸਿੰਘ ਲਾਲੀ 3) ਭਾਈ ਮਨਜਿੰਦਰ ਸਿੰਘ ਪੰਨੂ 4) ਭਾਈ ਸੁਖਦੇਵ ਸਿੰਘ ਖੁਣਖੁਣ

*15 ਜੂਨ ਦਿਨ ਸ਼ਨਿਚਰਵਾਰ ਬੀਬੀ ਪ੍ਰਦੀਪ ਕੌਰ ਧਾਲੀਵਾਲ ਦੇ ਅਨੰਦਕਾਰਜ ਹੋਣਗੇ।

*15 ਜੂਨ ਦਿਨ ਸ਼ਨਿਚਰਵਾਰ ਭਾਈ ਕਮਰਬੀਰ ਸਿੰਘ ਪਰਿਵਾਰ ਵੱਲੋਂ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਤੇ ਭੋਗ 17 ਜੂਨ ਦਿਨ ਸੋਮਵਾਰ ਨੂੰ ਪਾਏ ਜਾਣਗੇ।

*15 ਜੂਨ ਦਿਨ ਸ਼ਨਿਚਰਵਾਰ ਸ਼ਾਮ ਸਮੇਂ ਸੁਖਮਨੀ ਸਾਹਿਬ ਤੇ ਲੰਗਰ ਸੇਵਾ ਸਵਰਗਵਾਸੀ ਭਾਈ ਗੁਰਦੇਵ ਸਿੰਘ ਪਰਹਾਰ ਪਰਿਵਾਰ ਵੱਲੋਂ ਹੋਵੇਗੀ।

*16 ਜੂਨ ਦਿਨ ਐਤਵਾਰ ਸਵੇਰੇ 4 ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

*16 ਜੂਨ ਦਿਨ ਐਤਵਾਰ ਸਵੇਰੇ 10 ਵਜੇ ਸੁਖਮਨੀ ਸਾਹਿਬ ਤੇ ਲੰਗਰ ਸੇਵਾ ਬੀਬੀ ਰਵਿੰਦਰ ਕੌਰ ਪਰਿਵਾਰ ਵੱਲੋਂ

*16 ਜੂਨ ਦਿਨ ਐਤਵਾਰ ਸਵੇਰੇ 10 ਵਜੇ ਸੁਖਮਨੀ ਸਾਹਿਬ ਤੇ ਲੰਗਰ ਸੇਵਾ ਭਾਈ ਗਗਨਦੀਪ ਸਿੰਘ ਪਰਿਵਾਰ ਵੱਲੋਂ

*16 ਜੂਨ ਦਿਨ ਐਤਵਾਰ ਸ਼ਾਮ ਸਮੇਂ ਸੁਖਮਨੀ ਸਾਹਿਬ ਦੀ ਸੇਵਾ ਬੀਬੀ ਰਾਜਵਿੰਦਰ ਕੌਰ ਬੱਲ ਪਰਿਵਾਰ ਵੱਲੋਂ

*16 ਜੂਨ ਦਿਨ ਐਤਵਾਰ ਫਿਊਨਰਲ ਸਵੇਰੇ 10 ਵਜੇ ਸਵ. ਸੁਰਿੰਦਰ ਕੁਮਾਰ, ਅੰਤਿਮ ਅਰਦਾਸ 12:00 ਵਜੇ ਹੋਵੇਗੀ।

*16 ਜੂਨ ਦਿਨ ਐਤਵਾਰ ਫਿਊਨਰਲ ਦੁਪਹਿਰ 2 ਵਜੇ ਮਾਤਾ ਚੰਨਣ ਕੌਰ ਅਤੇ ਅੰਤਿਮ ਅਰਦਾਸ ਸ਼ਾਮ 4:00 ਵਜੇ ਹੋਵੇਗੀ।

**ਇਸ ਹਫਤੇ ਗੁਰਗੱਦੀ ਦਿਵਸ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
ਅਤੇ ਸ਼ਹੀਦੀ ਦਿਹਾੜਾ ਭਾਈ ਕੁਲਵੰਤ ਸਿੰਘ ਨਾਗੋਕੇ ਮਨਾਇਆ ਜਾਵੇਗਾ**

